# ਕੁਝ ਪਲਾਂ ਲਈ

ਕਵਿਤਾ

**ਲੇਖਕ ਦੀਆਂ ਹੋਰ ਪੁਸਤਕਾਂ**

***ਕਹਾਣੀਆਂ :***

ਸਲੀਬ 'ਤੇ ਟੰਗੀ ਤਿਤਲੀ
ਹਯਾਤੀ ਦਾ ਬਾਦਬਾਨ
ਕੱਚੀਆਂ ਇੱਟਾਂ ਦਾ ਪੁਲ
ਧੂੰਆਂ ਤੇ ਧੂੜ਼
ਟਹਿਣੀਓਂ ਟੁੱਟਿਆ ਮਨੁੱਖ
ਦੂਸਰਾ ਹਾਦਸਾ
ਨਾ ਦਿਨ ਨਾ ਰਾਤ

***ਕਵਿਤਾ :***

ਕਿਸ਼ਤੀ 'ਚ ਸਿਮਟੀ ਝੀਲ
ਰਿਸ਼ਤਿਆਂ ਦੀ ਪਰਕਰਮਾ
ਚੇਤਨਾ ਦੀ ਮਿੱਟੀ
ਕਦੋਂ ਕੋਈ ਆਏਗਾ
ਅਪਰਾਧ ਦਾ ਸ਼ਗਨ

***ਫ਼ਲਸਫ਼ਾ :***

ਚਿੰਤਨ ਅਤੇ ਅਵਚੇਤਨ

***ਮਿੰਨੀ ਕਹਾਣੀਆਂ :***

ਖੁੰਢੀ ਧਾਰ
ਅਬ ਜੂਝਣ ਕੋ ਦਾਓ (ਸੰਪਾਦਨ)

ਸਿਰਜਣ ਤੇ ਸਿਮਰਨ
ਕਲਮਕਾਰ : ਸ਼ਰਨ ਮੱਕੜ -ਸੰਪਾਦਨ : **ਹਰਚੰਦ ਸਿੰਘ ਬੇਦੀ** (ਡਾ.)
ਅਲਾਦੀਨ ਦੀ ਵਾਪਸੀ (ਛਪਣ ਹਿਤ)

# ਕੁਝ ਪਲਾਂ ਲਈ

ਸ਼ਰਨ ਮੱਕੜ

*Poetry/Punjabi Poetry/Collection*

**Kuch Pallan Lai**

*by*

**Sharan Makkar**

134-C, Basant Avenue, Amritsar-143001

2007
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
*visit us at : www.unistarbooks.com*
Type Setting & Design PCIS
Printed & bound at Jai Offset Printers, Chandigarh
Ph:0172-2640382

© *Sharan Makkar*
*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਆਪਣੀ ਹਮਰਾਜ਼

**ਸੁਖਮੀਨ**

ਨੂੰ

# ਤਰਤੀਬ


| | |
|---|---|
| ਧਰਤੀ ਦੀਆਂ ਧੀਆਂ | 9 |
| ਮੁਖ਼ਾਤਿਬ | 10 |
| ਨਦੀ | 12 |
| ਸ਼ਬਦਾਂ ਦਾ ਜੰਗਲ | 13 |
| ਕਵਿਤਾ | 14 |
| ਨਿਖੇੜਾ | 15 |
| ਅਰਥਾਂ ਦੀ ਤਲਾਸ਼ 'ਚ | 16 |
| ਉਦਾਸ | 17 |
| ਮਾਂ ! | 18 |
| ਸਿਮਰਤੀਆਂ | 20 |
| ਜਿਸ ਦੀ ਮੁੱਠੀ 'ਚ ਹੁੰਦੇ ਨੇ | 21 |
| ਘਿਉ ਨੂੰ ਤਰਸਦੀ ਜੋਤ | 23 |
| ਆਪਣਾ ਭਵਿੱਖ ਦੇਖਦੀ | 26 |
| ਪ੍ਰਸ਼ਨਾਂ ਤੋਂ ਡਰਦਿਆਂ | 28 |
| ਕੰਧਾਂ ਬਿਨਾਂ | 30 |
| ਰੁਖਸਤੀ | 32 |
| ਕਾਸ਼ ! ਇਹ ਹੋ ਸਕਦਾ | 34 |
| ਆਪਣਾ ਆਪਣਾ ਸਸਕਾਰ | 36 |
| ਟੈਨਸ਼ਨ | 38 |
| ਲਹਿਰਾਂ ਦਾ ਕਾਫ਼ਲਾ | 39 |
| ਸੋਚਾਂ ਦੇ ਜੰਗਲ ਵਿਚ | 41 |
| ਵਕਤ ਦੀ ਬਾਰੀ | 44 |
| ਰੇਤ ਤੇ ਸੁਪਨਾ | 46 |
| ਕੁਝ ਪਲਾਂ ਲਈ | 47 |
| ਕਵਿਤਾ | 48 |
| ਰੋਂਦੀ ਕੁੜੀ ਦੀ ਤਸਵੀਰ | 49 |
| ਸ਼ੀਸ਼ਾ ਝੂਠ ਬੋਲਦਾ | 50 |
| ਪਤਾ ਨਹੀਂ | 53 |
| ਨਜ਼ਮ ਦੇ ਰਾਹ 'ਤੇ ਖੜ੍ਹੇ ਸ਼ਬਦ | 54 |
| ਮੇਰਾ ਅਚੇਤ | 55 |
| ਠਹਿਰਿਆ ਪਾਣੀ | 56 |
| ਚਿਤਕਬਰੀ ਛਾਂ ਜਿਹੇ ਸੁਪਨੇ | 57 |
| ਇਕ ਬਟਨ ਦਬਾ ਕੇ | 58 |
| ਸੱਚ ਕਿ ਮੁਕਤੀ | 59 |
| ਦੇਹ ਪਿੰਡ | 60 |
| ਜਦੋਂ ਲੱਗੇ ਜਾਨਣ | 62 |
| ਦਵੰਦ ਯੁੱਧ | 63 |
| ਰੁੱਖ ਤੇ ਮਨੁੱਖ | 64 |

| | | | |
|---|---|---|---|
| ਬੁਨਿਆਦ | 65 | ਵਾਪਸੀ | 94 |
| ਰਿਸ਼ਤੇ ਦੀ ਦਰਾੜ | 66 | ਸਹੇਲੀਆਂ | 95 |
| ਮਾਂ ਬੇਟੀ | 67 | ਤਿਤਲੀਆਂ ਦੇ ਪਰਾਂ 'ਤੇ | 96 |
| ਬੁੱਢਾ ਦਰਖ਼ਤ ਤੇ... | 68 | ਇਕ ਪਲ | 97 |
| ਵਕਤ ਦਾ ਕਾਫ਼ਲਾ | 69 | ਵਿਸ਼ਵਾਸ | 99 |
| ਅਚੇਤ ਸੁਚੇਤ ਦੀ ਸਰਦਲ 'ਤੇ | 72 | ਰਾਵਣ ਮਰਿਆ ਨਹੀਂ | 100 |
| ਫਰੇਮ ਵਿਚ ਸੁੰਗੜਿਆ... | 74 | ਸਰਪਟ ਦੌੜਦਾ ਘੋੜਾ | 102 |
| ਸਹੇਲੀਆਂ | 76 | ਪਥ ਪ੍ਰਦਰਸ਼ਨ | 103 |
| ਸ਼ੋਅ ਕੇਸ | 78 | ਨਿਰਵਾਣ–1 | 104 |
| ਕੁੜੀਆਂ ਚਿੜੀਆਂ | 80 | ਨਿਰਵਾਣ–2 | 105 |
| ਕਵੀ ਸੋਚ ਰਿਹਾ | 82 | ਸੰਸਕਾਰ | 106 |
| ਪਤਨੀ ਸੋਚਦੀ ਹੈ | 85 | ਉਮਰਾਂ ਦਾ ਦਰਦ | 108 |
| ਬੱਚਾ ਸੋਚਦਾ ਹੈ | 86 | ਕੰਧਾਂ 'ਤੇ ਉਕਰੇ ਨਿਸ਼ਾਨ | 111 |
| ਉਹ ਸੋਚਦੀ ਹੈ | 87 | ਕਿੱਟੀ ਪਾਰਟੀ | 113 |
| ਕੁੜੀਆਂ | 88 | ਪੜਾਅ ਦਾ ਸਫ਼ਰ | 114 |
| ਸਹਿਮਿਆ ਖਰਗੋਸ਼ | 89 | ਅੱਖਾਂ ਸਾਹਮਣੇ | 115 |
| ਆਮ ਜਿਹਾ ਆਦਮੀ–1 | 90 | ਮਾਂ : ਕੁਝ ਪ੍ਰਭਾਵ | 116 |
| ਆਮ ਜਿਹਾ ਆਦਮੀ–2 | 91 | ਖੁਸ਼ੀ | 118 |
| ਪਤੰਗ ਤੋਂ ਔਰਤ | 92 | ਕਲਸ਼ ਸ਼ਿਵਾ | 120 |
| ਸਹਿਮ ਦਾ ਪਰਛਾਵਾਂ | 93 | * | |

## ਧੀਆਂ ਦੀਆਂ ਮਾਵਾਂ

ਤਿਣਕਾ ਤਿਣਕਾ ਇਕੱਠਾ ਕਰਦੀਆਂ
ਪੋਰਾ ਪੋਰ ਸਿਤਰਦੀਆਂ
ਚੱਦਰਾਂ 'ਤੇ ਫੁੱਲ ਬੂਟੇ ਕੱਢਦੀਆਂ
ਉਣਦੀਆਂ ਨੇ ਸੁਪਨੇ ਧੀ ਦੇ ਵਿਆਹ ਦੇ
ਜਿਹਨਾਂ ਦੇ ਜੰਮਦਿਆਂ ਹੀ
ਲਗ ਜਾਂਦਾ ਹੈ ਫ਼ਿਕਰ

ਗੁਣਗੁਣਾਉਂਦੀਆਂ ਨੇ ਵਿਆਹ ਦੇ ਗੀਤ
ਗੀਤ ਗਾਉਂਦਿਆਂ ਭੁੱਲ ਜਾਂਦੀਆਂ ਨੇ
ਗੀਤਾਂ 'ਚ ਲੁਕੇ ਰੁਦਨ ਨੂੰ
ਮਾਵਾਂ ਬੜੀਆਂ ਨਿਪੁੰਨ ਹੁੰਦੀਆਂ ਨੇ
ਅੱਥਰੂ ਲੁਕਾ ਕੇ ਮੁਸਕਰਾਉਣ ਵਿਚ

ਆਪਣੀ ਮਾਂ ਤੋਂ ਮਿਲੀਆਂ ਨਸੀਹਤਾਂ ਨੂੰ
ਧੀਆਂ ਨੂੰ ਦੇਣ ਵਿਚ
ਅਗਲੇ ਘਰ ਦੇ ਸੁਪਨੇ ਬੀਜਣ ਵਿਚ
ਭਰਮ ਦਾ ਮੁਲੰਮਾ ਚੜ੍ਹਾਉਣ ਵਿਚ
ਹੰਢਾਇਆ ਦਰਦ ਲੁਕਾਉਣ ਵਿਚ

## ਮੁਖ਼ਾਤਿਬ

ਬਹੁਤ ਦੇਰ ਹੋ ਗਈ ਹੈ
ਮੈਨੂੰ ਆਪਣੇ ਆਪ ਨੂੰ ਮਿਲਿਆਂ
ਜੇ ਮਿਲਾਂ ਤਾਂ...
ਕੀ ਕਹਾਂ ?

ਕਦੇ ਕਦੇ
ਬਹੁਤ ਮੁਸ਼ਕਿਲ ਹੁੰਦਾ ਹੈ
ਆਪਣੇ ਆਪ ਨੂੰ ਮੁਖ਼ਾਤਿਬ ਹੋਣਾ
ਅਣਕਹੀਆਂ ਗੱਲਾਂ ਦਾ
ਅਣਬੋਲੇ ਸ਼ਬਦਾਂ ਦਾ
ਸ਼ਬਦਾਂ 'ਚੋਂ ਮੀਂਹ ਵਾਂਗ ਵਰ੍ਹਦੇ ਅਰਥਾਂ ਦਾ ਕਾਫ਼ਲਾ
ਜੇ ਨਾਲ ਤੁਰਦਾ ਹੋਵੇ

ਬਹੁਤ ਦੇਰ ਹੋ ਗਈ ਹੈ
ਮੈਨੂੰ ਆਪਣੇ ਆਪ ਨੂੰ ਮਿਲਿਆਂ

ਸ਼ਾਇਦ ਏਸ ਲਈ ਕਿ
ਜੀਣ ਦੇ ਅਰਥ ਮੈਥੋਂ ਰੁੱਸ ਗਏ ਨੇ
ਮਾਯੂਸੀਆਂ ਦੀ ਸੂਲ
ਤਲੀਆਂ 'ਚ ਖੁਭ ਰਹੀ ਸੀ
ਸੋਚਦੀ ਸਾਂ...
ਵਕਤ ਮੁੱਠੀ 'ਚੋਂ ਕਿਰ ਗਿਆ ਹੈ
ਮੇਰੇ ਤੋਂ ਪਿੱਛੇ ਤੁਰਨ ਵਾਲੇ
ਬਹੁਤ ਅੱਗੇ ਲੰਘ ਗਏ ਨੇ

ਮੈਨੂੰ ਉਹਨਾਂ ਨੂੰ ਧੱਕਾ ਦੇ ਕੇ
ਅੱਗੇ ਲੰਘਣ ਦੀ ਜਾਚ ਨਹੀਂ ਆਉਂਦੀ

ਸੋਚਦੀ ਸਾਂ
ਮੈਨੂੰ ਆਪਣੇ ਆਪ ਨੂੰ ਮਿਲਿਆਂ
ਬਹੁਤ ਦੇਰ ਹੋ ਗਈ ਹੈ

ਇਹੀ ਤਾਂ ਮੇਰਾ ਭਰਮ ਸੀ
ਮਾਯੂਸੀ ਦਾ ਰਾਜ਼ ਸੀ
ਅੱਜ ਆਪਣੇ ਆਪ 'ਚ ਹਾਂ
ਸਮਝਦੀ ਰਹੀ ਸੀ ਕਿ
ਮੈਂ ਗ਼ੈਰਹਾਜ਼ਰ ਹਾਂ

ਬੇਸ਼ਕ ਸੋਚਾਂ ਦਾ ਕਾਫ਼ਲਾ
ਉਮੀਦਾਂ ਦੇ ਹਾਣ ਦਾ ਨਹੀਂ
ਜ਼ਿਹਨ 'ਚ ਲਟ ਲਟ ਬਲਦੀ ਜੋਤ ਹੈ
ਜੋ ਹੱਥ ਫੜ ਕੇ ਲੈ ਤੁਰਦੀ ਹੈ ਮੈਨੂੰ
ਅੱਖਰਾਂ ਦੇ ਰਾਹ 'ਤੇ
ਅੱਖਰਾਂ ਦੀ ਭਾਲ 'ਚ

## ਨਦੀ

ਮੇਰੇ ਅੰਦਰ ਵਹਿੰਦੀ
ਨਦੀ ਕਿਨਾਰੇ
ਇਕ ਸੁੱਕਾ ਰੁੱਖ ਹੈ
ਬਾਹਰ ਉਸਦਾ ਪਰਛਾਵਾਂ ਹੈ

ਪਰਛਾਵਾਂ—
ਨਦੀ 'ਚ ਨਹਾਉਣ ਤੋਂ ਡਰਦਾ ਹੈ
ਕਿਧਰੇ ਉਹਦੀ ਸੁੱਕੀ ਕੁੱਖ ਦਾ ਸਰਾਪ
ਨਦੀ 'ਚ ਨਾ ਘੁਲ ਜਾਵੇ

ਕਲਕਲ ਵਹਿੰਦੀ ਨਦੀ
ਨਾ ਦੇਖਦੀ ਹੈ
ਨਾ ਕੁਝ ਸੁਣਦੀ ਹੈ
ਨਾ ਪਰਛਾਵੇਂ ਦੇ ਸਹਿਮ ਤੋਂ
ਡਰਦੀ ਹੈ
ਬਸ ਵਹਿੰਦੀ ਜਾਂਦੀ ਹੈ
ਨਿਰੰਤਰ

## ਸ਼ਬਦਾਂ ਦਾ ਜੰਗਲ

ਸ਼ਬਦਾਂ ਦੇ ਜੰਗਲ 'ਚ ਭਟਕਦੇ
ਅਰਥਾਂ ਦੇ ਮੋਤੀ ਲੱਭਦੇ ਰਹੇ
ਸ਼ਬਦ ਮਿਲਦੇ
ਸਜਦੇ, ਸੰਵਰਦੇ
ਅਰਥ ਗਵਾਚ ਜਾਂਦਾ

ਅਰਥ ਚੇਤਨਾ 'ਚ ਮੁਸਕਰਾਉਂਦਾ
ਉਸ ਪਲ ਸ਼ਬਦ ਗਵਾਚ ਜਾਂਦੇ
ਤਿੜਕੇ ਗੁੰਬਦ ਦੀਆਂ ਤ੍ਰੇੜਾਂ ਵਿਚੋਂ
ਕਿਰਨਾਂ ਚੁਣਦਿਆਂ
ਸੂਰਜ ਗਵਾ ਬੈਠਦੇ

ਹੁਣ ਸੋਚਦੀ ਹਾਂ
ਕਿਉਂ ਲਿਖਾਂ ਮੈਂ
ਅਰਥ ਵਿਹੂਣੀ ਕਵਿਤਾ

ਇਹ ਸੋਚਦਿਆਂ ਹੀ
ਅਰਥ ਮੇਰੇ ਸਨਮੁਖ ਹੋਇਆ
ਜਿਸਦਾ ਤਰਜਮਾ ਕਰਨ ਲਈ
ਮੇਰੇ ਪਾਸ ਸ਼ਬਦ ਨਹੀਂ

## ਕਵਿਤਾ

ਕਵਿਤਾ...
ਸਹਿਜੇ ਸਹਿਜੇ
ਪੋਲੇ ਪੈਰੀਂ ਤੁਰਦੀ
ਰੁਮਕਦੀ ਪੌਣ ਵਾਂਗ
ਮੇਰੇ ਪਾਸ ਆਉਂਦੀ ਹੈ
ਜਿਸਦੀ ਉਡੀਕ ਵਿਚ
ਮੈਂ ਕਦੇ ਮਨ ਦੇ ਦਰਵਾਜ਼ੇ
ਬੰਦ ਨਹੀਂ ਕਰਦੀ

ਕਵਿਤਾ...
ਜਿਸਦੀ ਆਹਟ ਛੇੜ ਦੇਂਦੀ ਹੈ
ਅੰਤਰਨਾਦ ਦੀਆਂ ਤਰੰਗਾਂ
ਫੈਲ ਜਾਂਦਾ ਹੈ ਸੰਗੀਤ
ਮੇਰੇ ਰੋਮ ਰੋਮ ਵਿਚ

ਕਵਿਤਾ...
ਬਨੇਰੇ 'ਤੇ ਬੈਠੇ
ਪੰਛੀ ਦੀਆਂ ਮਾਸੂਮ ਅੱਖਾਂ ਨਾਲ
ਮੇਰੇ ਵੱਲ ਵੇਖਦੀ
ਪੋਲੇ ਪੋਲੇ ਤੁਰਦੀ
ਮੇਰੇ ਹੱਥਾਂ ਨੂੰ ਛੂੰਹਦੀ
ਪਾ ਲੈਂਦੀ ਹੈ ਆਲ੍ਹਣਾ
ਮੇਰੀ ਚੇਤਨਾ ਵਿਚ

## ਨਿਖੇੜਾ

ਕਵਿਤਾ ਮੇਰੇ ਵਿਚ ਹੁੰਦੀ ਹੈ
ਜਾਂ ਮੈਂ ਹੁੰਦੀ ਹਾਂ ਕਵਿਤਾ ਵਿਚ
ਨਿਖੇੜਾ ਕਰਨਾ ਸਹਿਜ ਨਹੀਂ
ਕਵਿਤਾ ਤੇ ਮੈਂ
ਮੈਂ ਤੇ ਕਵਿਤਾ...

ਉਸੇ ਤਰ੍ਹਾਂ
ਸ਼ਬਦ ਤੇ ਕਵਿਤਾ
ਕਵਿਤਾ ਤੇ ਸ਼ਬਦ

ਕੇਵਲ ਸ਼ਬਦ
ਕੇਵਲ ਸ਼ਬਦ ਕਵਿਤਾ ਨਹੀਂ ਹੁੰਦੇ
ਕਵਿਤਾ ਕੇਵਲ ਸ਼ਬਦ ਨਹੀਂ

ਸ਼ਬਦ ਸ਼ਿੰਗਾਰਦੇ ਨੇ ਕਵਿਤਾ
ਨਿਰੇ ਸ਼ਬਦ ਵੀ ਹੁੰਦੇ ਨੇ ਮਹਿਜ਼ ਖਿਡੌਣੇ
ਕਵਿਤਾ ਮਹਿਜ਼ ਖਿਡੌਣਾ ਨਹੀਂ
ਇਹ ਤਾਂ ਰੂਹ ਦਾ ਰੰਗ ਹੈ
ਰੰਗ ਹੈ ਰੂਹ ਦਾ

## ਅਰਥਾਂ ਦੀ ਤਲਾਸ਼ 'ਚ

ਰੁਮਕ ਰਹੀ ਹੈ ਹਵਾ
ਝੂਮ ਰਹੇ ਨੇ ਬਿਰਖ਼
ਸਿਰ ਹਿਲਾ ਰਹੇ ਫੁੱਲ
ਗੁਣਗੁਣਾ ਰਹੇ ਨੇ ਭੰਵਰੇ
ਮੰਡਰਾਅ ਰਹੀਆਂ ਨੇ ਤਿਤਲੀਆਂ
ਵਕਤ ਦੇਖਦਾ ਹੈ ਸਭ ਕੁਝ
ਪਰ ਰੁਕਦਾ ਨਹੀਂ

ਆਦੇਸ਼ ਮਿਲ ਗਿਆ ਹੈ ਸੂਰਜ ਨੂੰ
ਸੂਰਜ ਸਮੇਟ ਰਿਹਾ ਹੈ ਆਪਣੀਆਂ ਕਿਰਨਾਂ
ਚੰਨ ਤਾਣ ਲਵੇਗਾ ਚਾਨਣੀ ਦੀ ਚਾਦਰ
ਸਾਰੀ ਪ੍ਰਕਿਰਤੀ 'ਤੇ
ਤ੍ਰੇਲ ਸੁਤ-ਉਨੀਂਦੇ ਫੁੱਲਾਂ 'ਤੇ
ਖਿਲਾਰ ਦੇਵੇਗੀ ਸ਼ਬਨਮ ਦੇ ਮੋਤੀ

ਪੰਛੀ ਪਰਤ ਰਹੇ ਨੇ ਆਲ੍ਹਣਿਆਂ ਵੱਲ
ਮਾਵਾਂ ਬੁਲਾ ਰਹੀਆਂ ਨੇ ਘਰਾਂ ਨੂੰ
ਖੇਡ 'ਚ ਮਸਤ ਬਾਲਾਂ ਨੂੰ
ਕਵੀ
ਸ਼ਬਦਾਂ ਦੀ ਡੰਗੋਰੀ ਫੜ੍ਹ
ਬੈਠ ਗਿਆ ਹੈ ਨਵੇਂ ਬਿੰਬਾਂ ਦੀ ਤਲਾਸ਼ 'ਚ

## ਉਦਾਸ

ਮੈਂ ਉਦਾਸ ਹਾਂ
ਮਾਯੂਸ ਨਹੀਂ

ਉਦਾਸੀ ਵਿਚ ਕਵਿਤਾ ਮੇਰੇ ਪਾਸ ਆਉਂਦੀ ਹੈ
ਮੇਰਾ ਮਸਤਕ ਸਹਿਲਾਉਂਦੀ
ਹੱਥ ਫੜ ਕੇ ਲੈ ਜਾਂਦੀ ਹੈ
ਸ਼ਬਦਾਂ ਦੇ ਮੋਤੀ ਚੁਨਣ
ਮੋਤੀਆਂ ਦੀ ਮਾਲਾ
ਕਵਿਤਾ 'ਚ ਪਿਰੋਣ ਲਈ

ਹੁਣ ਮੈਂ ਉਦਾਸ ਨਹੀਂ
ਉੱਡ ਜਾਂਦੀ ਹੈ ਮੇਰੀ ਉਦਾਸੀ
ਕਵਿਤਾ ਦੇ ਖੰਭ ਲਾ ਕੇ

## ਮਾਂ !

ਮਾਂ !
ਤੂੰ ਮੈਨੂੰ ਬਹੁਤ ਸੁਣਾਈਆਂ ਨੇ ਕਹਾਣੀਆਂ
ਅਨੁਸੂਈਆ ਦੀਆਂ...ਸੀਤਾ ਦੀਆਂ...ਸਵਿੱਤਰੀ ਦੀਆਂ
ਸੇਸ਼ਨਾਗ ਦੀ ਸੇਜਾ 'ਤੇ ਬੈਠੇ
ਵਿਸ਼ਨੂੰ ਦੇ ਪੈਰ ਘੁਟਦੀ ਲਕਸ਼ਮੀ ਦੀਆਂ
ਹਵਨ-ਕੁੰਡ 'ਚ ਸਤੀ ਹੋਈ ਪਾਰਬਤੀ ਦੀਆਂ
ਅਹੱਲਿਆ ਦੀਆਂ...ਮਾਂ ਕੌਸ਼ਲਿਆ ਦੀਆਂ

ਇਹ ਸਭ ਮੇਰੇ ਕੋਲ ਆਉਂਦੀਆਂ ਨੇ
ਮੇਰੀ ਚੇਤਨਾ ਦੇ ਕੰਨਾਂ 'ਚ ਫੁਸਫੁਸਾਉਂਦੀਆਂ
ਉਹਨਾਂ ਦੀਆਂ ਬਾਤਾਂ
ਕੁਝ ਸਮਝਦੀ ਕੁਝ ਨਾ ਸਮਝਦੀ
ਮੈਂ ਸੋਚਦੀ ਹਾਂ
ਬਸ ਸੋਚਦੀ ਹਾਂ

ਇਹ ਸੋਚਾਂ ਮੇਰੇ ਸਨਮੁਖ ਹੁੰਦੀਆਂ ਨੇ
ਨਾ ਝਕਦੀਆਂ ਨੇ ਨਾ ਸਹਿਮਦੀਆਂ ਨੇ
ਬਸ ਇਸ਼ਾਰਾ ਕਰਦੀਆਂ ਨੇ ਤੁਰਨ ਦਾ
ਅੱਗੇ ਤੁਰਨ ਦਾ

ਮੈਂ ਯਤਨ ਕਰਦੀ ਹਾਂ
ਉਹਨਾਂ ਦੀ ਉਂਗਲੀ ਫੜ ਪਿੱਛੇ ਤੁਰਨ ਦਾ

ਉਹ ਉਂਗਲੀ ਫੜਾਉਣ ਤੋਂ ਝਿਜਕਦੀਆਂ ਨੇ
ਕਿਉਂ ਝਿਜਕਦੀਆਂ ਨੇ

ਕਿਉਂ ਲੁਕਾਉਣ ਦਾ ਯਤਨ ਕਰ ਰਹੀਆਂ ਨੇ
ਜਿਸ ਨੂੰ ਫੜ ਕੇ ਮੈਂ ਵੀ ਚੱਲਣਾ ਹੈ
ਮਾਂ ਦੀ ਤਰ੍ਹਾਂ
ਮਾਂ ਦੀ ਮਾਂ ਦੀ ਤਰ੍ਹਾਂ

ਮੇਰੇ ਇਸਰਾਰ ਕਰਨ 'ਤੇ
ਉਹ ਉਂਗਲੀ ਦਿਖਾਉਂਦੀਆਂ ਨੇ
ਹੈਰਾਨ ਹੋ ਕੇ ਮੈਂ ਪੁੱਛਦੀ ਹਾਂ
ਏਨੇ ਜ਼ਖ਼ਮ ਕਿਉਂ ?
ਕਿਉਂਕਿ
ਸਦੀਆਂ ਤੋਂ ਤੁਸਾਂ ਸਾਡੀ
ਉਂਗਲ ਜੋ ਨਹੀਂ ਛੱਡੀ

## ਸਿਮਰਤੀਆਂ

ਮਨ ਦੀ ਗੁਫ਼ਾ ਵਿਚ
ਸਾਂਭ ਸਾਂਭ ਰੱਖੇ ਨੇ ਮੈਂ ਕਈ ਚਿੱਤਰ
ਕੁਝ...
ਰੰਗ-ਬਰੰਗੇ
ਕੁਝ ਨਿਰੇ ਬੱਧੇ
ਸਾਂਭ ਸਾਂਭ ਰੱਖਾਂ
ਅੱਖਾਂ ਮੀਟੀ ਤੱਕਾਂ

ਮਨ ਦੀ ਗੁਫ਼ਾ ਵਿਚ
ਸਾਂਭ ਸਾਂਭ ਰੱਖੇ ਨੇ
ਮੈਂ ਕੋਈ ਖਿਲੌਣੇ
ਕੁਝ ਟੁੱਟੇ ਭੱਜੇ
ਕੁਝ ਸਾਲਮ ਸਬੂਤੇ
ਕੁਝ ਖੇਡੇ
ਕੁਝ ਅਣਖੇਡੇ
ਸਿਮਰਤੀਆਂ ਦੇ ਐਲਬਮ ਵਿਚ
ਮੈਂ ਸਾਂਭ ਸਾਂਭ ਰੱਖੇ ਨੇ ਕਈ ਚਿੱਤਰ

## ਜਿਸ ਦੀ ਮੁੱਠੀ 'ਚ ਹੁੰਦੇ ਨੇ

ਬੱਚਾ...
ਜਿਸਦੀ ਮੁੱਠੀ 'ਚ ਹੁੰਦੇ ਨੇ
ਚੰਨ, ਤਾਰੇ, ਜੁਗਨੂੰ
ਫੁੱਲ, ਤਿਤਲੀਆਂ ਤੇ ਸੁਪਨੇ
ਪੌਣ ਦੀ ਪਾਲਕੀ ਵਿਚ ਬੈਠ ਕੇ
ਉਹ ਉੱਡਣਾ ਚਾਹੁੰਦਾ
ਬਹੁਤ ਕੁਝ ਜਾਨਣ ਦੀ ਜਗਿਆਸਾ ਨੂੰ
ਉਹਦੇ ਨਿੱਕੇ ਨਿੱਕੇ ਹੱਥ ਫੜ੍ਹ ਨਹੀਂ ਸਕਦੇ

ਪ੍ਰਸ਼ਨਾਂ ਦੇ ਜੰਗਲ ਵਿਚ ਘਿਰਿਆਂ
ਉਹ...ਉਹ ਕੁਝ ਜਾਨਣਾ ਚਾਹੁੰਦਾ
ਜੋ ਵੱਡੇ ਉਸ ਤੋਂ ਲੁਕਾਉਂਦੇ ਨੇ
'ਚੁੱਪ ਰਹਿ ਅਜੇ ਬੱਚਾ ਹੈਂ'
ਹਵਾ ਨੂੰ ਟਿਕ ਕੇ ਬੈਠਣ ਦਾ ਹੁਕਮ ਸੁਣਾਉਂਦੇ ਨੇ

ਬੱਚਾ ਪਰਚਦਾ ਨਹੀਂ
ਖੰਭ ਫੈਲਾਉਣ ਤੋਂ ਪਹਿਲਾਂ
ਉਹਦੀ ਸਮਝ ਵਿਚ ਆ ਜਾਂਦੀ ਹੈ
ਘੂਰੀ ਦੀ ਭਾਸ਼ਾ
ਚੁਪੇੜ ਦਾ ਜੁਗਰਾਫੀਆ
ਤੇ ਵੱਡਿਆਂ ਦੇ ਦੰਭ ਦਾ ਵਿਆਕਰਨ

ਬੱਚਾ...
ਜਿਸਦੀ ਮੁੱਠੀ 'ਚ ਹੁੰਦੇ ਨੇ
ਚੰਨ, ਤਾਰੇ, ਜੁਗਨੂੰ
ਫੁੱਲ, ਤਿਤਲੀਆਂ ਤੇ ਸੁਪਨੇ
ਬਿਨਾਂ ਜਾਣੇ ਉਹ ਵੀ ਤੁਰ ਪੈਂਦਾ ਹੈ
ਉਸੇ ਰਾਹ 'ਤੇ
ਕਿਸੇ ਨੂੰ ਪਤਾ ਹੀ ਨਹੀਂ ਚਲਦਾ
ਨਿੱਕੀ ਜਿਹੀ ਮੁੱਠੀ ਵਿਚੋਂ
ਕਦੋਂ ਕਿਰ ਗਏ ਸਨ
ਚੰਨ, ਤਾਰੇ, ਤਿਤਲੀਆਂ ਤੇ ਰੰਗੀਨ ਸੁਪਨੇ

## ਘਿਉ ਨੂੰ ਤਰਸਦੀ ਜੋਤ

ਮਹੱਲ ਨੁਮਾ ਕੋਠੀ
ਕੋਠੀ ਦੇ ਬਾਹਰ ਬਗੀਚਾ
ਬਗੀਚੇ 'ਚ ਖਿੜੇ ਰੰਗ-ਬਰੰਗੇ ਫੁੱਲ
ਪਹਿਰੇਦਾਰਾਂ ਵਾਂਗ ਦੀਵਾਰ ਨਾਲ
ਤਣ ਕੇ ਖੜ੍ਹੇ ਅਸ਼ੋਕ ਬਿਰਖ

ਪਿਛਵਾੜੇ ਖੁੱਲ੍ਹਾ ਵਿਹੜਾ
ਵਿਹੜੇ ਵਿਚ ਸਾਫ਼ ਸੁਥਰਾ ਸਲੇਟੀ ਪੱਥਰ
ਗਮਲਿਆਂ ਵਿਚ ਹਰਿਆਲੀ ਬਖੇਰਦੇ ਬੂਟੇ
ਵਿਹੜਾ ਪਾਰ ਕਰਕੇ ਇਕ ਕਮਰਾ
ਜਿਵੇਂ ਜੇਲ੍ਹ ਦੀ ਇਕ ਕੋਠੜੀ
ਕੋਠੜੀ 'ਚ ਰਹਿੰਦੀ ਮਾਲਿਕ ਦੀ ਜਨਮਦਾਤੀ
ਸਿੱਧੀ ਸਾਦੀ ਜਿਸਦੀ ਬੋਲੀ
ਖੱਡੀ 'ਤੇ ਬੁਣੇ ਖੱਦਰ ਜਿਹੀ
ਜਿਸਦੀ ਰਹਿਣੀ ਸਹਿਣੀ

ਉਹਦੀ ਕੁੱਖ ਜੰਮੇ ਦੀ ਸ਼ਰੀਕੇ-ਹਯਾਤ ਲਈ
ਉਹ ਨਿਪੱਤਰਾ ਰੁੱਖ
ਉਹਦੀ ਸਭਿਅਤਾ ਦੇ ਮੱਥੇ ਦਾ ਕਲੰਕ
ਜਿਸ ਨੂੰ ਡਰਾਇੰਗ ਰੂਮ ਵਿਚ
ਸਜਾਇਆ ਨਹੀਂ ਜਾਂਦਾ
ਕੋਝਾ ਦ੍ਰਿਸ਼ ਘਰ ਆਏ ਮਹਿਮਾਨ ਨੂੰ
ਦਿਖਾਇਆ ਨਹੀਂ ਜਾਂਦਾ

ਇਹੀ ਕੋਝਾ ਦ੍ਰਿਸ਼ ਜੋ ਕਦੇ
ਖੇਤਾਂ ਦੀ ਰਾਣੀ ਸੀ
ਪੁੱਤਰ ਮੋਹ ਦੇ ਕਾਗਜ਼ 'ਤੇ ਅੰਗੂਠਾ ਲਾ
ਰਾਣੀ ਤੋਂ ਗੋਲੀ ਬਣ ਗਈ
ਉਹ ਗੋਲੀ ਹੀ ਕਾਹਦੀ ਜੋ ਬੋਲੇ
ਆਪਣਾ ਮੂੰਹ ਖੋਲ੍ਹੇ

ਮਹੱਲ ਨੁਮਾ ਕੋਠੀ
ਕੋਠੀ ਵਿਚ ਇਕ ਕਮਰਾ
ਕਮਰੇ ਦੀਆਂ ਕੰਧਾਂ ਤੋਂ ਡਿੱਗਦੇ
ਪਲਸਤਰ ਦੇ ਖਲੇਪੜ
ਛੱਤ ਤੋਂ ਕਿਰਦੀ ਕਲੀ
ਹਵਾ ਨਾਲ ਛਟਪਟਾਂਦੇ ਬੂਹੇ ਬਾਰੀਆਂ
ਪੁਰਾਣਾ ਰੇਡੀਓ ਜਿਸ ਵਿਚੋਂ ਕਦੇ
ਸੁਣੀਂਦੇ ਸਨ ਮਿੱਠੇ ਮਿੱਠੇ ਗੀਤ
ਬੇਸੁਰੀਆਂ ਆਵਾਜ਼ਾਂ ਕੱਢਦਾ
ਆਪਣੇ ਇਕੱਲੇ ਸਰੋਤੇ ਦੀ
ਕਿਸਮਤ 'ਤੇ ਡਸਕੋਰੇ ਭਰਦਾ

ਚੁੱਪ ਚਾਪ ਬੈਠੀ ਨੂੰ
ਰੋਟੀ ਪਾਣੀ ਦੇਣ ਆਉਂਦੀ ਨੌਕਰਾਣੀ
ਸੋਚਾਂ ਦੇ ਝੁਰਮਟ ਵਿਚ ਗਵਾਚ ਜਾਂਦੀ
ਛੱਤ ਤੋਂ ਕਿਰਦੀ ਕਲੀ ਦਾ ਰੁਦਨ ਸੁਣਦੀ
ਧੁਖਦੇ ਜ਼ਖ਼ਮਾਂ ਦੀ ਵਰਣਮਾਲਾ ਗਿਣਦੀ

ਬੁਝਦੀ ਜਾ ਰਹੀ
ਘਿਉ ਨੂੰ ਤਰਸਦੀ ਜੋਤ
ਉਹਦੇ ਹੱਥੋਂ ਚਾਹ ਦਾ ਗਲਾਸ ਫੜ੍ਹਦੀ
ਉਹ ਝੁਰੜੀਆਂ ਵਾਲੇ ਹੱਥ ਵੇਖਦੀ
ਹੱਥ ਜਿਸ ਵਿਚ ਅੰਗੂਠਾ ਹੁੰਦਾ ਹੈ
ਤੇ ਹਰ ਅੰਗੂਠੇ ਦਾ ਆਪਣਾ ਨਿਸ਼ਾਨ

ਜੇ ਉਹ ਕੋਰੇ ਕਾਗ਼ਜ਼ 'ਤੇ
ਏਸ ਅੰਗੂਠੇ ਦਾ ਨਿਸ਼ਾਨ
ਨਾ ਲਾਉਂਦੀ ਤਾਂ...

## ਆਪਣਾ ਭਵਿੱਖ ਦੇਖਦੀ

ਉਹ ਘਰ...
ਜੋ ਕਦੇ ਮੇਰਾ ਸੀ
ਮੇਰਾ ਨਹੀਂ ਵੀ ਸੀ
ਮੇਰੇ ਦਾ ਭਰਮ ਸੀ
ਇਹ ਭਰਮ ਉਦੋਂ ਟੁੱਟਾ
ਜਦੋਂ ਸਭ ਯਾਦਾਂ ਨੂੰ
ਮਨ ਦੇ ਸੰਦੂਕ ਵਿਚ ਬੰਦ ਕਰੀ
ਮੈਂ ਅਗਲੇ ਘਰ ਤੋਰੀ ਗਈ

ਮੈਂ ਰੋਈ ਸੀ
ਮਾਂ ਦੇ ਗਲ ਲੱਗ ਕੇ
ਮਾਂ ਰੋਈ ਸੀ
ਜਿਗਰ ਦੇ ਟੋਟੇ ਨੂੰ ਆਪਣੇ ਤੋਂ ਵੱਖ ਕਰ ਕੇ

ਮੁੱਦਤ ਪਿੱਛੋਂ ਮੁੜ ਮੈਂ ਉਸ ਘਰ ਗਈ
ਘਰ ਦੀ ਨੁਹਾਰ ਬਦਲੀ ਬਦਲੀ ਸੀ
ਕੀਮਤੀ ਚੀਜ਼ਾਂ ਦਾ ਇਜ਼ਾਫਾ ਸੀ
ਨਵੇਂ ਪਲੰਘ, ਸੋਫ਼ੇ, ਕੁਰਸੀਆਂ
ਫਰਸ਼ ਦੀਆਂ ਤ੍ਰੇੜਾਂ ਨੂੰ ਢੱਕਦੇ ਕੀਮਤੀ ਗਲੀਚੇ
ਲਿਸ਼ ਲਿਸ਼ ਕਰਦੇ ਭਾਂਡੇ
ਡਲ੍ਹਕਾਂ ਮਾਰਦਾ ਸਜਾਵਟੀ ਸਮਾਨ ਸੀ

ਉਹ ਘਰ ਜਿਥੇ ਸਾਨੂੰ
ਹਦਾਇਤਾਂ ਕਰਦੀ ਮਾਂ ਦੀ ਆਵਾਜ਼ ਗੂੰਜਦੀ ਸੀ

ਹੁਣ ਭਾਬੀਆਂ ਦਾ ਰਾਜ ਸੀ

ਮਾਂ...
ਪੜਛੱਤੀ 'ਤੇ ਪਏ ਵਾਧੂ ਸਮਾਨ ਵਾਂਗ
ਪਿਛਲੀ ਕੋਠੜੀ ਵਿਚ ਅਧਲੇਟੀ
ਮਾਲਾ ਫੇਰ ਰਹੀ ਸੀ
ਜਾਂ ਬੀਤੇ ਨੂੰ ਕਰ ਰਹੀ ਸੀ ਯਾਦ
ਚਿਹਰੇ ਦੀਆਂ ਝੁਰੜੀਆਂ
ਸਮੇਟੀ ਬੈਠੀਆਂ ਸਨ
ਮਾਂ ਦੇ ਜਿਸਮ ਵਿਚ ਗਰਕ ਗਈ
ਪੌਣੀ ਸਦੀ ਦਾ ਇਤਿਹਾਸ

ਏਸ ਕੌੜੇ ਸੱਚ ਨੂੰ ਮੈਂ
ਸਹਿਜ ਸੁਭਾਅ ਕਬੂਲਿਆ
ਸੋਨੇ 'ਚ ਲੁਕੇ ਪਿੱਤਲ ਨੂੰ ਨਾ ਪਛਾਨਣ ਦਾ ਵਿਖਾਵਾ ਕਰਦੀ

ਏਸ ਤੋਂ ਪਹਿਲਾਂ ਕਿ ਪਿਘਲੇ ਹੋਏ ਸ਼ੀਸ਼ੇ ਵਾਂਗ
ਵਹਿ ਤੁਰਦਾ ਮੇਰੀਆਂ ਅੱਖਾਂ 'ਚ ਪਾਣੀ
ਅੱਖਾਂ 'ਚ ਆਈ ਨਮੀ ਨੂੰ
ਬੇਬਸੀ ਦੇ ਰੁਮਾਲ ਨਾਲ ਪੂੰਝਦਿਆਂ
ਮਾਂ ਦੀਆਂ ਝੁਰੜੀਆਂ ਵਿਚੋਂ
ਆਪਣਾ ਭਵਿੱਖ ਵੇਖਦੀ
ਆਪਣੇ ਪੁੱਤਰਾਂ ਨੂੰ ਉਂਗਲੀ ਲਾਈ ਮੈਂ ਪਰਤ ਆਈ

ਉਸ ਘਰ
ਜੋ ਅਜੇ ਮੇਰੇ ਪਤੀ ਦਾ ਸੀ

## ਪ੍ਰਸ਼ਨਾਂ ਤੋਂ ਡਰਦਿਆਂ

ਸਭ ਕੁਝ ਸੁਣ ਕੇ
ਉਹ ਕੁਝ ਨਹੀਂ ਸੁਣਦੀ
ਜਾਣਦੀ ਹੋਈ
ਕੁਝ ਨਹੀਂ ਜਾਣਦੀ
ਕਿਉਂਕਿ ਉਹ ਅੰਦਰੋਂ ਉਠਦੇ ਪ੍ਰਸ਼ਨਾਂ ਦਾ
ਬੂਹਾ ਬੰਦ ਰੱਖਦੀ ਹੈ

ਉਹ ਡਰਦੀ ਹੈ
ਪ੍ਰਸ਼ਨ ਉਸਨੂੰ
ਸੁਵਿਧਾ ਦੇ ਆਲ੍ਹਣੇ 'ਚੋਂ ਕੱਢ ਕੇ
ਪ੍ਰਸਥਿਤੀਆਂ ਦੇ ਜੰਗਲ ਵਿਚ ਲੈ ਜਾਣਗੇ
ਉਹਦੀ ਹੋਂਦ ਘਿਰ ਜਾਏਗੀ
ਪ੍ਰਸ਼ਨਾਂ ਦੇ ਜੰਗਲ ਵਿਚ

ਪਹਿਲੀ ਵੇਰ ਜਦੋਂ
ਉਹਦੇ ਅੰਦਰੋਂ ਪ੍ਰਸ਼ਨ ਉੱਠੇ ਸਨ
ਮਾਂ ਨੇ ਕਸੀਦਾ ਕੱਢਣ ਲਾ ਦਿੱਤਾ ਸੀ
ਉਹ ਜਾਣਦੀ ਸੀ...
ਸੂਈ ਧਾਗੇ ਨਾਲ
ਕੇਵਲ ਫੁੱਲ ਬੂਟੇ ਹੀ ਨਹੀਂ ਕੱਢੇ ਜਾਂਦੇ
ਅੰਦਰੋਂ ਉੱਠਦੇ ਪ੍ਰਸ਼ਨ ਵੀ ਸੀਤੇ ਜਾਂਦੇ ਹਨ

ਮਹਿੰਦੀ ਦੇ ਰੰਗ ਵਿਚ
ਚੂੜੀਆਂ ਦੀ ਖਣਖਣ

ਪਾਇਲ ਦੀ ਛਣਛਣ 'ਚ
ਪ੍ਰਸ਼ਨ ਰਸਤਾ ਭੁੱਲ ਜਾਣਗੇ
ਕਰਵਾ ਚੌਥ ਦੀ ਭਾਵਨਾ ਵਿਚ ਸਮਾ ਜਾਣਗੇ

ਸੰਸਕਾਰਾਂ ਦੀ ਗੋਲੀ ਖਾ ਕੇ ਸੁੱਤੇ ਪ੍ਰਸ਼ਨ
ਜਦੋਂ ਅੱਖ ਖੋਲ੍ਹਦੇ ਨੇ
ਮੂੰਹੋਂ ਕੁਝ ਬੋਲਦੇ ਨੇ
ਤਾਂ ਕੰਧਾਂ ਹਿੱਲ ਜਾਂਦੀਆਂ ਨੇ
ਏਸ ਲਈ ਉਹ ਚਾਹੁੰਦੀ ਹੈ
ਪ੍ਰਸ਼ਨ ਨੀਂਦ ਤੋਂ ਨਾ ਜਾਗਣ

ਫੇਰ ਵੀ
ਢੀਠ ਪ੍ਰਸ਼ਨ ਜਦੋਂ
ਹਿੱਕ ਤਾਣ ਲੈਂਦੇ ਨੇ
ਤਾਂ ਉਹ ਸੰਸਕਾਰਾਂ ਦੇ ਦੁਪੱਟੇ ਨਾਲ
ਹਿੱਕ ਢੱਕ ਲੈਂਦੀ ਹੈ
ਫੇਰ ਉਹੀ ਦੁਪੱਟਾ
ਦੇ ਦੇਂਦੀ ਹੈ ਧੀ ਦੇ ਦਾਜ ਵਿਚ

## ਕੰਧਾਂ ਬਿਨਾਂ

ਕੰਧਾਂ ਬਿਨਾਂ
ਜਿਸ ਨੂੰ ਅਸੀਂ ਘਰ ਆਖਦੇ ਹਾਂ
ਉਹ ਕੰਧਾਂ ਬਿਨਾਂ ਨਹੀਂ ਹੁੰਦਾ
ਕੰਧਾਂ ਬਿਨਾਂ ਹੁੰਦੀ ਹੈ
ਸੜਕ
ਬਾਗ ਬਗੀਚਾ
ਚੁਰਾਹਾ
ਫੁੱਟਪਾਥ
ਕੰਧਾਂ ਦੇ ਸਿਰ 'ਤੇ ਖੜ੍ਹੀ ਛੱਤ ਵੀ
ਘਰ ਨਹੀਂ ਹੁੰਦੀ

ਘਰ...
ਜਿਸ ਵਿਚ ਹੁੰਦੀਆਂ ਨੇ
ਸਾਂਭੀਆਂ ਸਿਤਰੀਆਂ ਜ਼ਰੂਰਤਾਂ
ਰਿਸ਼ਤਿਆਂ ਦੀਆਂ ਪੋਟਲੀਆਂ
ਪੋਟਲੀਆਂ 'ਚ ਬੱਝੀਆਂ ਯਾਦਾਂ
ਕੁਝ ਤਲਖ
ਕੁਝ ਸ਼ੀਰੀ
ਗੁਨਾਹ ਦੀ ਸ਼ਰਮਿੰਦਗੀ ਹੰਢਾਉਂਦੀਆਂ
ਕੁਝ ਘਰਾਂ ਦੀਆਂ ਕੰਧਾਂ

ਕੰਧਾਂ ਹੋ ਕੇ ਵੀ
ਕੰਧਾਂ ਨਹੀਂ ਹੁੰਦੀਆਂ
ਕੰਧਾਂ ਦੇ ਮੋਢਿਆਂ 'ਤੇ ਖੜ੍ਹੀ ਛੱਤ ਦਾ
ਭਰਮ ਪਾਲਦੇ ਘਰ ਹੁੰਦੇ ਨੇ
ਜਿਥੇ ਹੁੰਦੇ ਨੇ ਮੁਖੌਟੇ
ਸਭਿਅਤਾ ਦੇ
ਤਹਿਜ਼ੀਬ ਦੇ ਦਾਅਵੇ ਦੇ

## ਰੁਖਸਤੀ

ਮਾਵਾਂ...
ਬਹੁਤ ਕੁਝ ਸਹਿਣ ਕਰ ਲੈਂਦੀਆਂ ਨੇ
ਅੰਦਰੇ ਅੰਦਰ, ਬਿਨਾਂ ਉਫ਼ ਕੀਤੇ
ਪੁਲ ਬਣ ਜਾਂਦੀਆਂ ਨੇ
ਅਹਿਲ, ਅਡੋਲ, ਅਭਿੱਜ

ਮਾਵਾਂ...
ਰੱਬ ਦੀ ਤਰ੍ਹਾਂ ਹੁੰਦੀਆਂ ਨੇ ਸਿਰਜਕ
ਸੜਕਾਂ ਬਣ ਜਾਂਦੀਆਂ ਨੇ
ਪੈਰਾਂ ਹੇਠ ਲਤਾੜੀਆਂ ਜਾਂਦੀਆਂ ਨੇ
ਬਿਨਾਂ ਉਫ਼ ਕੀਤੇ ਉਦਾਸੀ ਦੇ ਪਹਾੜ ਹੇਠ ਦੱਬੀਆਂ
ਟਹਿਕ ਉਠਦੀਆਂ ਨੇ ਪੋਤੇ ਦੀ ਕਿਲਕਾਰੀ ਸੁਣ ਕੇ

ਮਾਵਾਂ...
ਆਪਣੇ ਹੱਡ ਬਾਲ ਕੇ ਪੁੱਤਰਾਂ ਨੂੰ ਨਿੱਘ ਦੇਂਦੀਆਂ
ਏਸ ਆਸ 'ਤੇ ਕਿ ਇਕ ਦਿਨ ਜਿਗਰ ਦੇ ਟੁਕੜੇ
ਰਾਜ ਕਰਾਉਣਗੇ

ਭੋਲੀਆਂ ਮਾਵਾਂ
ਭੁੱਲ ਜਾਂਦੀਆਂ ਨੇ ਆਪਣੇ ਰਾਜੇ ਦੇ ਰਾਜ ਵਿਚ
ਉਹ ਰਾਣੀਆਂ ਨਹੀਂ ਸਨ
ਪੁੱਤਰਾਂ ਦੇ ਰਾਜ ਵਿਚ
ਪਟਰਾਣੀਆਂ ਕਿਵੇਂ ਬਣ ਜਾਣਗੀਆਂ

ਵੇਲੇ ਦੇ ਪਾਣੀਆਂ ਉੱਪਰ ਪੁਲ ਬਣੀਆਂ
ਖੜ੍ਹੀਆਂ ਰਹਿੰਦੀਆਂ ਨੇ ਏਸ ਆਸ 'ਤੇ
ਉਹਨਾਂ ਦੇ ਜਾਏ ਆਰ ਪਾਰ ਜਾ ਸਕਣ
ਜਦੋਂ ਇਹੀ ਪੁਲ
ਅਸਮਰਥ ਹੋ ਜਾਂਦਾ
ਤਾਂ ਇਕ ਪੁੱਤਰ ਦੇ ਘਰੋਂ ਜਾਂਦੀਆਂ
ਦੂਜੇ ਪੁੱਤਰ ਦੇ ਘਰ ਭੇਜੀਆਂ ਜਾਂਦੀਆਂ ਨੇ
ਵਾਧੂ ਸਮਾਨ ਸਮਝ ਕੇ

ਇਕ ਬੇਟੇ ਦੇ ਘਰੋਂ ਦੂਜੇ ਦੇ ਘਰ ਇੰਜ ਜਾਂਦੀਆਂ
ਇਕ ਬਲਦਾ ਪ੍ਰਸ਼ਨ
ਛੱਡ ਜਾਂਦੀਆਂ ਹਵਾ ਵਿਚ ਲਟਕਦਾ
ਕਿ ਬੇਟੀਆਂ ਬਾਬਲ ਦੇ ਘਰੋਂ
ਰੁਖ਼ਸਤ ਹੁੰਦੀਆਂ ਨੇ ਇਕ ਵਾਰੀ

ਮਾਵਾਂ...
ਕਿਉਂ ਰੁਖਸਤ ਹੁੰਦੀਆਂ ਨੇ
ਪੁੱਤਰਾਂ ਦੇ ਘਰੋਂ ਬਾਰ-ਬਾਰ

## ਕਾਸ਼ ! ਇਹ ਹੋ ਸਕਦਾ

ਕਦੇ ਉਹ ਵੀ ਵੇਲਾ ਸੀ
ਜਦੋਂ ਕੋਈ ਨੁੱਕਰ, ਕੋਈ ਕੋਣਾ ਮੱਲ ਕੇ
ਅਸੀਂ ਘਰ ਘਰ ਖੇਡਦੇ ਸੀ
ਸਾਡੇ ਉਸ ਘਰ ਵਿਚ ਹੁੰਦੇ ਸਨ
ਪਲਾਸਟਿਕ ਦੇ ਨਿੱਕੇ ਨਿੱਕੇ ਬਰਤਨ
ਲੱਕੜ ਦਾ ਚੁੱਲਾ, ਕਾਠ ਦਾ ਘੋੜਾ
ਮਿੱਟੀ ਦਾ ਬਾਵਾ, ਪਲਾਸਟਿਕ ਦੀ ਗੁੱਡੀ
ਬਿਨ ਸ਼ੀਸ਼ਿਆਂ ਦੀ ਐਨਕ
ਤੇ ਸਿਤਾਰਿਆਂ ਵਾਲੀ ਇਕ ਚੁੰਨੀ

ਅਸੀਂ ਨਿੱਕੀਆਂ ਨਿੱਕੀਆਂ ਲੱਤਾਂ ਨਾਲ
ਉੱਚੀਆਂ ਉੱਚੀਆਂ ਛਾਲਾਂ ਮਾਰਦੇ
ਅੰਬਰੋਂ ਤਾਰੇ ਤੋੜ ਕੇ ਘਰ 'ਚ ਸਜਾਉਂਦੇ
ਈਰਖਾਲੂ ਸਾਥੀਆਂ ਤੋਂ ਬਚਣ ਲਈ
ਆਪਣੇ ਘਰ ਤਕ ਪਹੁੰਚਣ ਵਾਲੀਆਂ ਸੜਕਾਂ ਨੂੰ
ਮੋਢਿਆਂ 'ਤੇ ਚੁੱਕ ਕੇ ਜੰਗਲ ਵਿਚ ਛੱਡ ਆਉਂਦੇ
ਉਦੋਂ ਇਹ ਸਭ ਨਾ ਅਸੰਭਵ ਸੀ
ਨਾ ਸਾਡੇ ਮਨ ਦਾ ਭਰਮ
ਇਹ ਸਾਡੇ ਸੱਚੇ ਸੁੱਚੇ ਜਜ਼ਬਿਆਂ ਦੀ ਹਕੀਕਤ ਸੀ

ਅਸੀਂ ਝੂਠੀ-ਮੂਠੀ ਦੀਆਂ ਰੋਟੀਆਂ ਪਕਾਉਂਦੇ
ਰੱਜ ਰੱਜ ਕੇ ਖਾਂਦੇ
ਬਚੇ ਨੂੰ ਭੋਰ ਚਿੜੀਆਂ ਨੂੰ ਪਾਉਂਦੇ

ਬਿਨਾਂ ਖਾਧੇ ਸਾਡੇ ਪੇਟ ਭਰ ਜਾਂਦੇ ਸਨ
ਜਿਵੇਂ ਬਿਨਾਂ ਅੱਗ ਤੋਂ
ਪੱਕ ਜਾਂਦੀਆਂ ਸਨ ਸਾਡੀਆਂ ਰੋਟੀਆਂ

ਅੱਜ ਸਾਡੇ ਪਾਸ...
ਆਪਣੇ ਆਪਣੇ ਘਰ ਨੇ
ਖੁੱਲ੍ਹੇ ਡੁੱਲ੍ਹੇ ਸਜੇ ਸਜਾਏ
ਸਾਡੇ ਬਰਤਨ ਪਕਵਾਨਾਂ ਨਾਲ ਭਰੇ ਹੋਏ ਨੇ
ਪਰ ਮਾਲਾ ਦੇ ਮਣਕਿਆਂ ਜਿਹਾ ਜਜ਼ਬਾ ਨਹੀਂ
ਭਰੇ ਭਰਾਤੇ ਘਰ ਸਾਡੇ ਦਿਲਾਂ ਵਾਂਗ ਸੱਖਣੇ ਨੇ

ਆ ਇਕ ਵੇਰ ਫਿਰ
ਘਰ ਘਰ ਬਣਾਈਏ
ਕਾਸ਼! ਅਜਿਹਾ ਹੋ ਸਕਦਾ

## ਆਪਣਾ ਆਪਣਾ ਸਸਕਾਰ

ਕੁਝ ਦੇਰ ਪਹਿਲਾਂ ਦੀ ਗੱਲ ਹੈ
ਗੱਲ ਨਹੀਂ ਘਟਨਾ ਹੈ
ਘਟਨਾ ਨਹੀਂ ਹਾਦਸਾ ਹੈ
ਹਾਦਸਾ ਨਹੀਂ ਸੱਚ ਹੈ
ਤੇ ਸੱਚ ਇਹ ਹੈ
ਸਾਡੇ ਪਿੰਡ ਬਰਾਤ ਆਈ ਸੀ
ਲੋਟ ਪੋਟ ਹੋਏ ਬਰਾਤੀ
ਲਾੜਾ ਰਾਹ ਵਿਚ ਕਿਧਰੇ ਭੁੱਲ ਆਏ ਸੀ
ਇਹ ਘਟਨਾ ਕਈ ਚਿਰ ਹਾਸਾ ਬਣੀ ਰਹੀ

ਕੁਝ ਸਾਲ ਬਾਅਦ
ਫੇਰ ਇਕ ਘਟਨਾ ਵਾਪਰੀ
ਇਹ ਘਟਨਾ ਨਹੀਂ ਹਾਦਸਾ ਸੀ
ਹਾਦਸਾ ਨਹੀਂ ਸੱਚ ਸੀ
ਤੇ ਸੱਚ ਇਹ ਸੀ
ਸਾਡੇ ਪਿੰਡ ਕਹਾਰਾਂ ਦੇ ਮੋਢਿਆਂ ’ਤੇ
ਡੋਲੀ ਵਿਚ ਅਰਥੀ ਆਈ ਸੀ
ਦਹੇਜ ਦੀ ਥਾਂ ਦੁਲਹਨ
ਆਪਣੇ ਬਾਪ ਦੀਆਂ ਮਜਬੂਰੀਆਂ ਲਿਆਈ ਸੀ
ਜ਼ਿੰਦਾ ਜਲਾਈ ਜਾਣ ਤੋਂ ਪਹਿਲਾਂ
ਉਹਦੀ ਡੋਲੀ ਉਹਦੀ ਅਰਥੀ ਬਣ ਗਈ ਸੀ
ਕਈ ਚਿਰ ਇਹ ਘਟਨਾ
ਧੀਆਂ ਵਾਲਿਆਂ ਦੀਆਂ ਅੱਖਾਂ ਦੇ ਅੱਥਰੂ ਬਣੀ ਰਹੀ

ਕੁਝ ਚਿਰ ਪਹਿਲਾਂ
ਫੇਰ ਇਕ ਘਟਨਾ ਵਾਪਰੀ
ਇਹ ਘਟਨਾ ਨਹੀਂ ਸੱਚ ਸੀ
ਤੇ ਸੱਚ ਇਹ ਸੀ
ਜਨਾਜ਼ੇ ਵਿਚੋਂ ਲਾਸ਼ ਗੁੰਮ ਸੀ
ਲਾਸ਼ ਦੇ ਪੈਰ ਹੁੰਦੇ ਨੇ
ਪਰ ਉਹ ਕਿਧਰੇ ਜਾ ਨਹੀਂ ਸਕਦੀ
ਹੱਥ ਹੁੰਦੇ ਨੇ
ਕਫ਼ਨ ਪਾੜ ਨਹੀਂ ਸਕਦੀ
ਸਭ ਲਾਸ਼ ਨੂੰ ਲੱਭਣ ਗਏ

ਲਾਸ਼ ਪਿੱਛੇ ਰਹਿ ਗਿਆ ਲਾੜਾ ਨਹੀਂ ਸੀ
ਜੋ ਸ਼ਰਮਿੰਦਾ ਹਾਸਾ ਹੱਸਦਾ
ਲੰਘ ਗਏ ਵਕਤ ਦੀ ਰਾਖ਼ ਝਾੜਦਾ
ਮੰਡਪ 'ਤੇ ਬੈਠ ਜਾਂਦਾ

ਮਾਤਮੀ....
ਆਪਣੀ ਆਪਣੀ ਜ਼ਿੰਦਾ ਲਾਸ਼ ਨੂੰ
ਆਪਣੇ ਮੋਢਿਆਂ 'ਤੇ ਚੁੱਕੀ
ਆਪਣੇ ਆਪਣੇ ਘਰਾਂ ਨੂੰ ਪਰਤ ਗਏ

ਅੱਜ...
ਘਰ ਘਰ 'ਚ ਲਾਸ਼ਾਂ ਨੇ
ਜਨਾਜ਼ਾ ਨਹੀਂ ਨਿਕਲਦਾ
ਹਰ ਕੋਈ ਅੰਦਰੇ ਅੰਦਰ ਮਰਦਾ
ਆਪਣਾ ਸਸਕਾਰ ਆਪ ਨਹੀਂ ਕਰਦਾ

## ਟੈਨਸ਼ਨ

ਰਾਤ ਉਨੀਂਦੀ, ਸੇਜਲ ਅੱਖਾਂ
ਸਿਰ ਪੱਥਰ, ਜਿਸਮ ਬੇਜਾਨ ਜਿਹਾ ਹੈ
ਰਾਤ ਆਖ਼ਰੀ ਪਲਾਂ 'ਤੇ ਦਮ ਤੋੜ ਰਹੀ ਹੈ
ਸੂਰਜ ਕਿਰਨਾਂ ਦਾ ਪ੍ਰਸ਼ਾਦ ਵਰਤਾਅ ਰਿਹਾ ਹੈ
ਉਹ ਨਾ ਜਾਗਦਾ ਹੈ, ਨਾ ਸੁੱਤਾ
ਨਾ ਜਿਉਂਦਾ ਹੈ, ਨਾ ਮੋਇਆ

ਆਪਣੇ ਖ਼ਿਆਲਾਂ ਦੀ
ਤਿੱਤਰ ਖੰਭੀ ਬੱਦਲੀ ਨੂੰ ਬਿਨਾਂ ਸਮੇਟੇ
ਲੇਟੇ ਲੇਟੇ ਉਹ ਸੋਚਦਾ ਹੈ
ਆਦਮੀ ਖ਼ਾਲੀ ਕਾਗਜ਼ 'ਤੇ
ਆਪਣਾ ਨਾਂ ਬਾਰ ਬਾਰ ਕਿਉਂ ਲਿਖਦਾ ਹੈ

ਏਸ ਕਿਉਂ ਨੂੰ ਸਿਰਹਾਣੇ ਹੇਠ ਰੱਖ ਕੇ
ਉਹ ਆਪਣੇ ਜ਼ਿਹਨ ਵਿਚ ਖੋਲ੍ਹਦਾ ਹੈ
ਦਫ਼ਤਰ ਦੀਆਂ ਫਾਈਲਾਂ
ਰੁਕੀਆਂ ਪੇਮੈਂਟਾਂ ਤੇ ਭੁਗਤਾਨ
ਇਹਨਾਂ ਤੋਂ ਸਹਿਮਦਾ ਚਾਹੁੰਦਾ ਹੈ ਬਿਸਤਰੇ 'ਚ ਲੁਕੇ ਰਹਿਣਾ
ਪਰ ਅਗਲੇ ਹੀ ਪਲ ਉੱਠ ਖਲੋਂਦਾ ਹੈ
ਇਹਨਾਂ ਸੋਚਾਂ ਨੂੰ ਪਿੱਛੇ ਛੱਡ ਕੇ
ਤੇ ਬਣ ਜਾਂਦਾ ਹੈ ਆਦਮੀ ਤੋਂ ਕੰਪਿਊਟਰ

## ਲਹਿਰਾਂ ਦਾ ਕਾਫ਼ਲਾ

ਲਹਿਰਾਂ ਕਿਨਾਰਿਆਂ ਨਾਲ ਟਕਰਾਉਂਦੀਆਂ
ਇਹ ਉਹਨਾਂ ਦਾ ਸੁਭਾਅ ਵੀ ਹੋ ਸਕਦਾ
ਹਵਾ ਦਾ ਕਰਮ ਵੀ
ਕਿਨਾਰਿਆਂ ਦੇ ਖੁਰਨ ਦਾ ਦਰਦ ਵੀ, ਤਲਾਸ਼ ਵੀ
ਅਰਥ ਕੁਝ ਵੀ ਹੋ ਸਕਦਾ ਹੈ

ਲਹਿਰਾਂ ਰੇਤ ਤੇ ਇਬਾਰਤ ਲਿਖਣ ਲਈ
ਘੋਗੇ ਸਿੱਪੀਆਂ ਖਿਲਾਰ ਜਾਂਦੀਆਂ ਨੇ
ਹੋ ਸਕਦਾ ਇਹ ਆਪਣੀ ਵੇਦਨਾ ਕਹਿਣ ਲਈ ਹੋਵੇ
ਆਪਣੀ ਤੜਪ ਦਾ ਸਿਰਨਾਵਾਂ ਲਿਖਣਾ ਹੋਵੇ
ਜਾਂ ਰੂਹ ਦੀ ਗਵਾਹੀ ਲਈ ਇੰਜ ਕਰਦੀਆਂ ਹੋਣ
ਅਰਥ ਕੁਝ ਵੀ ਹੋ ਸਕਦਾ
ਕਵੀ ਮਨ ਕੁਝ ਵੀ ਸੋਚ ਸਕਦਾ ਹੈ

ਇਕ ਹਾਦਸਾ ਵੀ, ਵਿਰਲਾਪ ਵੀ
ਸੰਕਲਪ ਵੀ, ਵਿਕਲਪ ਵੀ
ਭਟਕਣ ਵੀ, ਹਵਾ ਦਾ ਕਰਮ ਵੀ
ਤੇ ਕੁਦਰਤ ਦੀ ਸਹਿਜ ਸੁਭਾਵਕਤਾ ਵੀ

ਕਿਉਂਕਿ ਸੋਚਾਂ ਵੀ
ਲਹਿਰਾਂ ਦੀ ਇਬਾਰਤ ਜਿਹੀਆਂ ਹੁੰਦੀਆਂ ਨੇ

ਜੋ ਚੇਤਨਾ ਦੇ ਕਿਨਾਰਿਆਂ ਨਾਲ ਟਕਰਾਉਂਦੀਆਂ ਨੇ
ਉਹਨਾਂ ਦੀ ਆਵਾਜ਼ ਕਿਸੇ ਸੂਖ਼ਮ ਕੰਨਾਂ ਨਾਲ ਟਕਰਾਉਂਦੀ ਹੈ
ਕੋਈ ਅਰਥ ਉਜਾਗਰ ਹੁੰਦਾ ਹੈ
ਹੁਣ ਸਵਾਲ ਇਹ ਹੈ
ਕਿ ਕੌਣ ?
ਕਿਹੜੇ ਅਰਥਾਂ ਦੀਆਂ
ਸਿੱਪੀਆਂ ਚੁਣਦਾ ਹੈ

## ਸੋਚਾਂ ਦੇ ਜੰਗਲ ਵਿਚ

ਕਿਸੇ ਦੀਆ ਉਮੀਦਾਂ ਨੂੰ ਤੋੜਦੀ
ਕਿਸੇ ਦੀਆਂ ਆਸਾਂ ਨੂੰ ਜੋੜਦੀ
ਲੋਹੇ ਦੇ ਭਾਰੇ ਪੈਰਾਂ ਨਾਲ
ਦੌੜਦੀ ਜਾਂਦੀ ਏ ਰੇਲ

ਉਹ ਵੀ ਦਿਨ ਸਨ
ਜਦੋਂ ਬੜਾ ਚਾਅ ਹੁੰਦਾ ਸੀ
ਰੇਲਗੱਡੀ ਦੇਖਣ ਦਾ
ਸੀਟੀ ਦੀ ਆਵਾਜ਼ ਸੁਣ
ਅਸੀਂ ਦੌੜ ਜਾਂਦੇ ਸੀ ਰੇਲ ਗੱਡੀ ਦੇਖਣ

ਦੌੜਦੀ ਰੇਲ ਦੇ ਡੱਬੇ ਗਿਣਦੇ
ਬੇਪਛਾਣ ਮੁਸਾਫ਼ਰਾਂ ਦੀ ਝਲਕ ਦੇਖ
ਕਿਲਕਾਰੀਆਂ ਮਾਰਦੇ
ਗੱਡੀ ਦੇ ਨਾਲ ਦੌੜਦੀਆਂ ਸਨ
ਸਾਡੀਆਂ ਨਿੱਕੀਆਂ ਨਿੱਕੀਆਂ ਖਾਹਸ਼ਾਂ

ਮਾਂ ਆਖਦੀ ਸੀ ਪੁਲ ’ਤੇ ਖੜ੍ਹੇ ਹੋ ਕੇ
ਗੱਡੀ ਨੂੰ ਪੁਲ ਹੇਠੋਂ ਲੰਘਦੀ ਦੇਖੋ
ਅੱਖਾਂ ਬੰਦ ਕਰਕੇ ਕਾਮਨਾ ਕਰੋ
ਇੱਛਾ ਪੂਰੀ ਹੋ ਜਾਂਦੀ ਹੈ
ਓਦੋਂ ਇੱਛਾ ਹੁੰਦੀ ਸੀ ਪਾਸ ਹੋਵਣ ਦੀ
ਟੀਚਰ ਤੋਂ ਸਾਬਾਸ਼ ਲੈਣ ਦੀ

ਬਾਪ ਦੀਆਂ ਝਿੜਕਾਂ ਤੋਂ ਬਚਣ ਦੀ
ਮਾਂ ਦੇ ਹੱਥਾਂ ਦੀ ਬਣੀ ਖੀਰ ਖਾਣ ਦੀ

ਵਕਤ ਦੇ ਪੁਲ ਹੇਠੋਂ ਗੱਡੀਆਂ
ਹੁਣ ਵੀ ਉਸੇ ਤਰ੍ਹਾਂ ਆਉਂਦੀਆਂ ਜਾਂਦੀਆਂ ਨੇ
ਸੋਚਾਂ ਦੇ ਜੰਗਲ ਵਿਚ ਲੈ ਜਾਂਦੀਆਂ ਨੇ
ਪੁਲ ਹੇਠੋਂ ਲੰਘਦੀ ਗੱਡੀ ਦੇਖ ਕੇ
ਸੋਚਦਾ ਹਾਂ ਕੀ ਮੰਗਾਂ
ਹੁਣ ਹੁੰਦੀਆਂ ਨੇ ਮੇਰੇ ਜ਼ਿਹਨ ਵਿਚ
ਬਿਨ ਵਿਆਹੀ ਭੈਣ ਦੇ ਮੂੰਹ 'ਤੇ ਪਈਆਂ ਝੁਰੜੀਆਂ
ਬੀਵੀ ਦੇ ਮੱਥੇ 'ਤੇ ਉਕਰਿਆ ਤਿਊੜੀਆਂ ਦਾ ਜੰਗਲ
ਧੀ ਦੀ ਛੋਟੀ ਹੋ ਗਈ ਫਰਾਕ
ਬੌਸ ਦੀਆਂ ਝਿੜਕਾਂ
ਉਮੀਦਾਂ ਦੇ ਸਿਆੜਾਂ 'ਚ ਪੁੰਗਰਦੇ
ਅੰਧਕਾਰ ਦੇ ਬੀਜ
ਤੇ ਨਾੜੀਆਂ 'ਚ ਘੁਲਦਾ ਰਿਸ਼ਤਿਆਂ ਦਾ ਜ਼ਹਿਰ

ਹੋਰ ਕਿੰਨਾ ਕੁਝ
ਕੁਝ ਕਿਹਾ, ਕੁਝ ਅਣਕਿਹਾ
ਕੁਝ ਸੋਚਦਾ, ਕੁਝ ਸੋਚਣ ਤੋਂ ਡਰਦਾ
ਹੁਣ ਕੋਈ ਫ਼ਰਕ ਨਹੀਂ ਪੈਂਦਾ
ਮੈਂ ਪੁਲ ਦੇ ਹੇਠਾਂ ਖੜ੍ਹਾ ਹਾਂ ਜਾਂ ਉਪਰ
ਗੱਡੀ ਸਿਰ ਉਪਰੋਂ ਲੰਘ ਰਹੀ ਹੈ ਜਾਂ ਪੈਰਾਂ ਹੇਠੋਂ

ਸ਼ਾਇਦ
ਮੈਂ ਹੀ ਪੁਲ ਬਣ ਗਿਆ ਹਾਂ
ਜਿਸ ਉਪਰੋਂ ਵਕਤ ਦੀ ਰੇਲ
ਚੀਕਦੀ, ਸ਼ੋਰ ਮਚਾਉਂਦੀ
ਸੋਚਾਂ ਦੇ ਜੰਗਲ ਵਿਚੋਂ ਲੰਘਦੀ
ਦੌੜਦੀ ਜਾ ਰਹੀ ਹੈ

## ਵਕਤ ਦੀ ਬਾਰੀ

ਮੇਰੇ ਕਮਰੇ ਵਿਚ ਇਕ ਬਾਰੀ ਹੈ
ਬਾਰੀ ਦੇ ਵਿਚਕਾਰਲੇ ਹਿੱਸੇ ਵਿਚ
ਕੂਲਰ ਲੱਗਾ ਹੋਇਆ ਹੈ
ਜਿਸ 'ਤੇ ਕਬੂਤਰ ਬੈਠ ਕੇ
ਅਠਖੇਲੀਆਂ ਕਰਦੇ ਹਨ

ਕਮਰੇ ਦੇ ਅੰਦਰ ਬਾਰੀ 'ਤੇ ਲੱਗਾ
ਹਲਕੇ ਨੀਲੇ ਰੰਗ ਦਾ ਪਰਦਾ
ਜਿਸ 'ਤੇ ਗੂੜ੍ਹੇ ਨੀਲੇ ਰੰਗ ਦੇ ਫੁੱਲ ਹਨ
ਪਰਦੇ ਦੇ ਪਿੱਛੇ ਜਾਲੀ ਹੈ
ਜਾਲੀ ਦੇ ਪਿੱਛੇ ਸ਼ੀਸ਼ਾ ਹੈ
ਤੇ ਸ਼ੀਸ਼ੇ ਦੇ ਪਿੱਛੇ
ਅਠਖੇਲੀਆਂ ਕਰਦੇ ਕਬੂਤਰ ਹਨ
ਪਰਦੇ ਪਿੱਛੇ ਸ਼ਹਿ ਲਾ ਕੇ ਬੈਠੀ
ਕਾਲੀ ਬਿੱਲੀ ਹੈ

ਕਬੂਤਰ ਮਹਿਫੂਜ਼ ਹੈ
ਬਿੱਲੀ ਮਜਬੂਰ ਹੈ
ਬਿੱਲੀ ਦੇ ਅੱਗੇ ਜਾਲੀ ਹੈ
ਜਾਲੀ ਦੇ ਅੱਗੇ ਸ਼ੀਸ਼ਾ ਹੈ
ਸ਼ੀਸ਼ੇ ਦੇ ਅੱਗੇ ਕਬੂਤਰ ਹੈ

ਮੇਰੇ ਸਾਹਮਣੇ ਦੋ ਪਰਛਾਵੇਂ ਹਨ
ਇਕ ਪਰਛਾਵਾਂ ਕਬੂਤਰ ਦਾ ਹੈ

ਦੂਜਾ ਬਿੱਲੀ ਦਾ ਹੈ
ਮੇਰੇ ਲਈ ਦੋਵੇਂ ਪਰਛਾਵੇਂ ਵੀ ਨੇ
ਹਕੀਕਤ ਵੀ ਹੈ

ਮੇਰੀਆਂ ਅੱਖਾਂ ਅੱਗੇ ਪਰਦਾ ਹੈ
ਪਰਦੇ ਪਿੱਛੇ ਸੂਰਜ ਹੈ
ਸੂਰਜ ਦੀ ਰੌਸ਼ਨੀ ਵਿਚ
ਮੈਨੂੰ ਦੋ ਪਰਛਾਵੇਂ ਦਿਸ ਰਹੇ ਹਨ
ਇਕ ਪਰਛਾਵਾਂ ਕਬੂਤਰ ਦਾ ਹੈ
ਦੂਜਾ ਬਿੱਲੀ ਦਾ ਹੈ
ਵਿਚਕਾਰ ਵਕਤ ਦੀ ਬਾਰੀ ਹੈ
ਜਦੋਂ ਤਕ ਬਾਰੀ ਖੁਲ੍ਹਦੀ ਨਹੀਂ
ਕਬੂਤਰ ਮਹਿਫੂਜ਼ ਹੈ
ਬਿੱਲੀ ਮਜਬੂਰ ਹੈ

## ਰੇਤ ਤੇ ਸੁਪਨਾ

ਮੇਰੀ ਇਕ ਅੱਖ ਵਿਚ ਰੇਤ ਹੈ
ਦੂਜੀ ਵਿਚ ਸੁਪਨਾ
ਰੇਤ ਤੇ ਸੁਪਨੇ ਵਿਚਕਾਰ ਨੀਂਦ ਹੈ
ਨੀਂਦ ਬੰਦ ਅੱਖਾਂ 'ਚ ਹੈ
ਅੱਖਾਂ ਖੋਲ੍ਹਣ ਤੋਂ ਮੈਂ ਡਰਦੀ ਹਾਂ
ਪਤਾ ਨਹੀਂ—
ਸੁਪਨਾ ਰੇਤ ਵਿਚ ਮਿਲ ਜਾਵੇਗਾ
ਜਾਂ ਸੁਪਨੇ ਵਿਚ ਰੇਤ

ਸੁਪਨਾ ਰੇਤ ਵਿਚ ਮਿਲੇ ਜਾਂ ਰੇਤ ਵਿਚ ਸੁਪਨਾ
ਰੜਕ ਅੱਖਾਂ 'ਚ ਹੀ ਪਵੇਗੀ
ਅੱਖਾਂ ਸਦਾ ਬੰਦ ਨਹੀਂ ਰੱਖੀਆਂ ਜਾਂਦੀਆਂ
ਅੱਖਾਂ 'ਚ ਸੁਪਨੇ ਦੇ ਟਿਕੇ ਰਹਿਣ ਦਾ ਕੀ ਭਰੋਸਾ
ਸੁਪਨਾ ਤਾਂ ਕਿਰ ਜਾਂਦਾ ਹੈ ਬੰਦ ਅੱਖਾਂ ਵਿਚੋਂ ਵੀ
ਮੁੱਠੀ 'ਚ ਪਈ ਰੇਤ ਵਾਂਗ

ਸੁਪਨੇ ਦਾ ਕੀ ਭਰੋਸਾ
ਪਾ ਲਵੇ ਆਲ੍ਹਣਾ ਅੱਖਾਂ ਵਿਚ
ਜਿਵੇਂ ਚਿੜੀਆਂ ਪਾ ਲੈਂਦੀਆਂ ਨੇ ਆਲ੍ਹਣੇ
ਘਰਾਂ ਦੀਆਂ ਫਾਲਤੂ ਦਰਾਰਾਂ ਵਿਚ

ਸੁਪਨੇ…ਤਾਂ ਬਸ ਸੁਪਨੇ ਦੇਂਦੇ ਨੇ
ਬਹੁ-ਮੰਜ਼ਲੀ ਇਮਾਰਤ ਦੀ ਲਿਫਟ ਨਹੀਂ
ਪਹੁੰਚਿਆ ਜਾਵੇ ਸਿਖ਼ਰ 'ਤੇ

## ਕੁਝ ਪਲਾਂ ਲਈ

ਕੁਝ ਪਲਾਂ ਲਈ ਛੱਡ ਦਿੱਤਾ ਸੀ ਮੈਂ
ਸੋਚਣਾ, ਸਮਝਣਾ
ਸਮਝਣਾ, ਸਮਝਾਉਣਾ
ਹੋ ਗਈ ਸੀ ਸਹਿਜ ਸੁਭਾਅ
ਜਿਵੇਂ ਨਿੱਕਾ ਜਿਹਾ ਪੰਛੀ
ਖੰਭ ਫੈਲਾਉਂਦਾ
ਉਡਾਰੀ ਮਾਰਦਾ ਆਕਾਸ਼ ਵੱਲ
ਖਿੜਦੇ ਨੇ ਤਾਰਿਆਂ ਦੇ ਮੋਤੀ
ਸੂਰਜ, ਗ੍ਰਹਿ, ਨਛੱਤਰ ਸਭ ਮਸਰੂਫ਼ ਨੇ
ਆਪਣੇ ਆਪਣੇ ਕਰਮ ਵਿਚ

ਮਿੱਟੀ ਸਾਂਭ ਲੈਂਦੀ ਹੈ ਬੀਜ ਨੂੰ
ਪੁੰਗਰਨ ਦੇਂਦੀ ਹੈ ਬਿਰਖ ਨੂੰ
ਖਿੜਦੇ ਨੇ ਫੁੱਲ ਮਹਿਕ ਖਲੇਰਦੇ
ਸਭ ਕੁਝ ਹੋ ਰਿਹਾ ਹੈ ਸਹਿਜ ਸੁਭਾਅ
ਮੈਂ ਹੀ ਵਾਧੂ ਦੇ ਯਤਨਾਂ ਵਿਚ
ਗਵਾ ਦਿੱਤੀ ਹੈ ਸਾਰੀ ਊਰਜਾ
ਤੇ ਸਹੇੜ ਲਈਆਂ ਨੇ ਬਿਮਾਰੀਆਂ

## ਕਵਿਤਾ

ਮੈਂ ਕਵਿਤਾ ਲਿਖਦੀ ਹਾਂ
ਕਿਉਂ ਲਿਖਦੀ ਹਾਂ
ਕਿਸ ਲਈ ਲਿਖਦੀ ਹਾਂ

ਸ਼ਬਦਾਂ ਦੇ ਜੰਗਲ 'ਚ ਭਟਕਦੀ
ਅਰਥਾਂ ਦੇ ਮੋਤੀ ਲੱਭਦੀ ਹਾਂ
ਸ਼ਬਦ ਲੱਭਦਿਆਂ ਅਕਸਰ
ਅਰਥ ਗਵਾਚ ਜਾਂਦੇ ਨੇ

ਅਰਥ ਚੇਤਨਾ 'ਚ ਮੁਸਕਰਾਉਂਦੇ
ਸ਼ਬਦ ਗਵਾਚ ਜਾਂਦੇ ਹਨ
ਤਿੜਕੇ ਗੁੰਬਦ ਦੀਆਂ ਤ੍ਰੇੜਾਂ ਵਿਚੋਂ
ਕਿਰਨਾਂ ਚੁਣਦੀ ਮੈਂ ਸੂਰਜ ਗਵਾ ਲੈਂਦੀ ਹਾਂ
ਸ਼ਬਦ ਚੁਣਦਿਆਂ ਅਰਥ ਕਿਰ ਜਾਂਦੇ ਨੇ
ਬੰਦ ਮੁੱਠੀ ਵਿਚੋਂ

ਸੋਚਦੀ ਹਾਂ...
ਅਰਥ ਵਿਹੂਣੀ ਕਵਿਤਾ ਦਾ ਕੀ ਅਰਥ
ਅਕਸਰ ਮੈਂ ਸੋਚਦੀ ਹਾਂ
ਮੇਰੇ ਲਿਖਣ ਦਾ
ਮੇਰੇ ਸੋਚਣ ਦਾ
ਮੇਰੇ ਪੜ੍ਹਨ ਦਾ ਕੀ ਅਰਥ

## ਰੋਂਦੀ ਕੁੜੀ ਦੀ ਤਸਵੀਰ

ਕਈ ਸਾਲਾਂ ਤੋਂ ਕੰਧ 'ਤੇ ਟੰਗੀ ਤਸਵੀਰ ਰੋ ਰਹੀ ਹੈ
ਜਦੋਂ ਤਕ ਟੰਗੀ ਰਹੇਗੀ ਰੋਂਦੀ ਰਹੇਗੀ
ਉਤਾਰ ਕੇ ਸਟੋਰ ਵਿਚ ਰੱਖਿਆ
ਤਾਂ ਵੀ ਰੋਂਦੀ ਰਹੇਗੀ

ਫਰੇਮ ਵਿਚ ਜੜੀ ਜਾਣ ਤੋਂ ਪਹਿਲਾਂ
ਕੰਧ 'ਤੇ ਟੰਗੀ ਜਾਣ ਤੋਂ ਪਹਿਲਾਂ
ਉਹ ਖਿੜ ਖਿੜ ਹਸਦੀ ਸੀ
ਕਿਉਂਕਿ ਉਹ ਤਸਵੀਰ ਨਹੀਂ ਸੀ
ਸੁਨਹਿਰੀ ਫਰੇਮ ਦੀ ਕੈਦ ਨਹੀਂ ਸੀ
ਕੰਧ ਦਾ ਸ਼ਿੰਗਾਰ ਨਹੀਂ ਸੀ

ਹਰ ਪਲ ਰੋਂਦੀ ਕੁੜੀ ਦੀ ਤਸਵੀਰ ਦੇਖ ਕੇ
ਕੰਧ ਚੁੱਪ ਸੀ, ਕੰਧ ਚੁੱਪ ਹੈ

ਹੋ ਸਕਦਾ
ਤਸਵੀਰ ਟੰਗਣ ਲਈ ਕਿੱਲ ਠੋਕਦੇ ਸਮੇਂ
ਕੰਧ ਰੋਈ ਹੋਵੇ
ਤੇ ਉਸਦਾ ਰੁਦਨ ਦਬਾਉਣ ਲਈ
ਪਲਸਤਰ ਕਰਕੇ ਕਲੀ ਫੇਰ ਦਿੱਤੀ ਹੋਵੇਗੀ

## ਸ਼ੀਸ਼ਾ ਝੂਠ ਬੋਲਦਾ

ਕਹਿੰਦੇ ਹੋ—
ਸ਼ੀਸ਼ਾ ਝੂਠ ਨਹੀਂ ਬੋਲਦਾ
ਕਿਉਂ ਨਹੀਂ ਬੋਲਦਾ
ਨਹੀਂ ਦਿਖਾਉਂਦਾ ਉਹ ਮੈਨੂੰ
ਚਿਹਰੇ ਦੀਆਂ ਝੁਰੜੀਆਂ
ਕਿਉਂਕਿ
ਮੈਂ ਦੇਖਦੀ ਹਾਂ ਐਨਕ ਉਤਾਰ ਕੇ

ਚਿਹਰੇ ’ਤੇ...
ਮੇਕਅਪ ਦੀਆਂ ਪਰਤਾਂ ਚੜ੍ਹਾਉਣ ਵੇਲੇ
ਮੈਂ ਦੇਖਦੀ ਹਾਂ ਐਨਕ ਲਾ ਕੇ
ਸ਼ੀਸ਼ਾ ਫਿਰ ਝੂਠ ਬੋਲਦਾ
ਆਈ ਬ੍ਰੋਜ਼ ਨੂੰ ਕਮਾਨ ਦੀ ਸ਼ੇਪ ਦੇਂਦਿਆਂ
ਨਿੱਕੇ ਤੋਂ ਨਿੱਕਾ ਫਾਲਤੂ ਵਾਲ
ਮੈਨੂੰ ਦਿਖਾਈ ਦੇਂਦਾ ਹੈ
ਚਿਹਰੇ ਦਾ ਸੱਚ ਨਹੀਂ
ਕਿਉਂਕਿ...
ਮੈਂ ਸੱਚ ਦੇਖਣਾ ਨਹੀਂ ਚਾਹੁੰਦੀ

ਇਕ ਦਿਨ...
ਇਕ ਬਹੁਤ ਪਿਆਰਾ
ਖਰਗੋਸ਼ ਦੀਆਂ ਅੱਖਾਂ ਵਰਗਾ ਮਾਸੂਮ ਬੱਚਾ
ਮੇਰੇ ਵੱਲ ਤੱਕ ਕੇ ਮੁਸਕਰਾਇਆ

ਮੈਂ ਬੁਲਾਇਆ
ਉਹ ਪਾਸ ਆਇਆ
'ਪਿਆਰੇ ਬੱਚੇ'
ਮੈਂ ਉਹਦਾ ਚਿਹਰਾ ਥਪਥਪਾਇਆ
"ਆਪ ਸੁੰਦਰ ਹੋ ਬਹੁਤ ਸੁੰਦਰ
ਮੇਰੇ ਸੇ ਸ਼ਾਦੀ ਕਰੋਗੀ ?"
ਯਥਾਰਥ ਦੇ ਹੱਦਾਂ ਬੰਨੇ ਤੋੜ
ਮਾਸੂਮ ਦਾ ਪ੍ਰਸ਼ਨ ਲਹਿਰਾਇਆ

ਕੰਪਾਊਂਡ ਇਨਟ੍ਰਸਟ ਵਾਂਗ
ਉਸਦਾ ਪ੍ਰਸ਼ਨ ਮੈਂ ਉਸ ਨੂੰ ਪਰਤਾਇਆ
"ਆਪ ਮੁਝ ਸੇ...
ਮੁਝ ਸੇ ਸ਼ਾਦੀ ਕਰੋਗੇ ?"

'ਹਾਂ' ਉਸ ਹੋਂਠ ਹਿਲਾਏ
ਉਹਦੇ ਹੋਠਾਂ ਦੀ ਬੰਸੀ 'ਚੋਂ
ਵਹਿ ਰਹੀ ਸੀ ਸੰਗੀਤ ਦੀ ਧਾਰਾ
ਮੰਤਰ ਮੁਗਧ ਨੱਚ ਰਹੀ ਸੀ ਰਾਧਾ
ਥਿਰਕ ਰਹੇ ਸਨ ਮੇਰੇ ਪੈਰ

ਉਸ ਪਲ...
ਮੈਂ ਮੀਰਾ ਸੀ, ਮੈਂ ਰਾਧਾ ਸੀ
ਮੈਂ ਝੱਲੀ ਸੀ, ਮੈਂ ਦੀਵਾਨੀ ਸੀ
ਸੁੰਦਰ...ਬਹੁਤ ਸੁੰਦਰ

ਸ਼ੀਸ਼ਾ...ਸੱਚਮੁਚ ਝੂਠ ਤਾਂ ਨਹੀਂ ਬੋਲ ਰਿਹਾ

ਵਿਵੇਕੀ ਮਨ ਪ੍ਰਸ਼ਨਾਂ ਦੇ ਜਾਲ ਬੁਣ ਰਿਹਾ ਸੀ
ਸ਼ੀਸ਼ੇ ਦੀ ਪਿੱਠ ਸੂਰਜ ਵੱਲ ਕਰ
ਸੂਰਜ ਦੇ ਸਨਮੁਖ ਹੋ
ਮੈਂ ਫਿਰ ਸ਼ੀਸ਼ਾ ਨਿਹਾਰਿਆ
ਸ਼ੀਸ਼ੇ 'ਚ
ਨਾ ਮੀਰਾ ਸੀ, ਨਾ ਰਾਧਾ, ਨਾ ਮੈਂ
ਬੱਸ...ਕਾਨਾ ਸੀ
ਕਾਨਾ ਹੀ ਕਾਨਾ ਸੀ
ਦਰਪਣ ਫੇਰ ਝੁਠਲਾ ਰਿਹਾ ਸੀ

ਆਖਰ...
ਸੱਚ ਦੀ ਐਨਕ ਲਾ ਕੇ
ਮੈਂ ਨਿਹਾਰਿਆ
ਝੁਰੜੀਆਂ ਹੇਠ ਡਲ੍ਹਕਾਂ ਮਾਰਦਾ
ਅਛੂਤਾ ਹੁਸਨ ਸੀ
ਜਿਸ 'ਤੇ ਰੀਝ ਗਿਆ ਸੀ
ਉਹ ਬਾਲ ਗੋਪਾਲ

ਮੈਨੂੰ ਯਕੀਨ ਹੈ
ਹੁਣ ਮੈਂ ਲਹੀਂ
ਤੁਸੀਂ ਕਹੋਗੇ ਸ਼ੀਸ਼ਾ ਝੂਠ ਬੋਲਦਾ
ਸ਼ੀਸ਼ਾ ਝੂਠ ਬੋਲਦਾ

## ਪਤਾ ਨਹੀਂ

ਪਤਾ ਨਹੀਂ
ਕਵਿਤਾ ਮੇਰੇ ਵਿਚ ਹੈ
ਜਾਂ ਮੈਂ ਹਾਂ ਕਵਿਤਾ ਵਿਚ

ਮੈਨੂੰ ਤਾਂ ਬਸ ਏਨਾ ਪਤਾ ਹੈ
ਕਵਿਤਾ ਹੈ ਮੇਰੇ ਅੰਦਰ
ਮੇਰੇ ਬਾਹਰ
ਮਨ ਦੇ ਹਨੇਰਿਆਂ ਵਿਚ
ਚਾਨਣ ਦੇ ਬੀਜ ਬਿਖੇਰਦੀ

ਕਵਿਤਾ
ਹੁੰਦੀ ਹੈ ਮੇਰੇ ਅੰਗ
ਫੇਰ ਵੀ
ਉਹ ਮੇਰਾ ਪਰਛਾਵਾਂ ਨਹੀਂ

## ਨਜ਼ਮ ਦੇ ਰਾਹ 'ਚ ਖੜ੍ਹੇ ਸ਼ਬਦ

ਖੋਖਲੇ ਸ਼ਬਦਾਂ ਦੀ ਲੈਅ
ਜਿੰਨੀ ਉੱਚੀ ਹੁੰਦੀ ਹੈ ਅਰਥ ਓਨੇ ਹੀ ਬੌਣੇ
ਕੇਵਲ ਸ਼ਬਦਾਂ ਦਾ ਕੀ ਹੈ
ਸ਼ਬਦ ਤਾਂ ਦਲ-ਬਦਲੂ ਨੇਤਾ ਦੇ ਭਾਸ਼ਨ ਦੇ ਵੀ ਹੁੰਦੇ ਹਨ

ਸ਼ਬਦ ਵਾਸਤਵ ਵਿਚ
ਅਰਥ ਦੇ ਫੁੱਲਾਂ 'ਤੇ ਮੰਡਰਾਉਂਦੀ ਤਿਤਲੀ ਹੈ
ਜਦੋਂ ਅਰਥਾਂ ਦੇ ਫੁੱਲ ਕਾਲੇ ਹੋ ਜਾਣ
ਸ਼ਬਦਾਂ ਦੀ ਤਿਤਲੀ ਰਾਜਨੀਤੀ ਦੇ ਬਦਲਦੇ ਸੰਦਰਭ ਵਾਂਗ
ਆਪਣੀ ਵਾਟ ਬਦਲ ਲੈਂਦੀ ਹੈ

ਮੇਰੇ ਸ਼ਬਦ ਜਦੋਂ ਵੀ
ਇਕ ਨਜ਼ਮ ਦੇ ਰਾਹ 'ਚ ਖਲੋਂਦੇ ਹਨ
ਤਾਂ ਇਕ ਅਰਥ ਮੇਰੇ ਸਨਮੁਖ ਹੁੰਦਾ ਹੈ
ਇਹ ਉਹ ਅਰਥ ਹੈ ਜਿਹੜਾ ਆਪਣੇ ਅੰਦਰ ਵੀ
ਕਮੀਨਗੀ ਤੇ ਹੱਸਣ ਦੀ ਜੁਰਅਤ ਕਰਦਾ ਹੈ

ਮੈਨੂੰ ਲਗਦਾ ਹੈ ਕੁਝ ਸ਼ਬਦ
ਹਕੀਕਤ ਦੀ ਰੇਤ ਵਿਚ ਭੁੱਜਦੇ ਨੇ
ਤਾਂ ਉਹਨਾਂ ਦੇ ਅਰਥ ਉਜਾਗਰ ਹੁੰਦੇ ਹਨ
ਜਦੋਂ ਅਰਥ ਉਜਾਗਰ ਹੁੰਦੇ ਨੇ
ਤਾਂ ਇਕ ਨਜ਼ਮ
ਕਾਗ਼ਜ਼ ਦੀ ਹਿੱਕ ਨਾਲ ਲੱਗ ਕੇ
ਅਰਥਾਂ ਦੀ ਵਾਟ ਵੱਲ ਤੁਰ ਪੈਂਦੀ ਹੈ

## ਮੇਰਾ ਅਚੇਤ

ਮਾਂ ਰੋਜ਼ ਆਖਦੀ
ਸਿਆਣੀ ਹੋ ਗਈ ਏਂ
ਕੁਝ ਸਿਖ ਲੈ

ਮਾਂ ਕੀ ਸਿੱਖਣ ਲਈ ਆਖਦੀ ਏ
ਮੈਂ ਸੋਚਦੀ ਹਾਂ
ਮੈਂ ਸਿਆਣੀ ਹੋ ਗਈ ਹਾਂ
ਤਾਂ ਮੈਨੂੰ ਸਿੱਖਣ ਦੀ ਕੀ ਲੋੜ ?
ਜਾਂ...
ਮੈਂ ਸਿਆਣੀ ਹੋ ਜਾਵਾਂ

ਮਾਂ...ਰੋਜ਼ ਰੋਜ਼ ਆਖਦੀ
ਮੈਂ ਰੋਜ਼ ਰੋਜ਼ ਸੁਣਦੀ
ਰੋਜ਼ ਰੋਜ਼ ਸੋਚਦੀ ਹਾਂ
ਨਿਰਣਾ ਨਹੀਂ ਕਰ ਪਾਉਂਦੀ ਕਿ
ਮਾਂ ਦੇ ਅਚੇਤ 'ਚ ਕੀ ਹੈ
ਜਾਂ ਮੇਰਾ ਅਚੇਤ
ਕੀ ਸਮਝਣਾ ਚਾਹੁੰਦਾ ਹੈ

## ਠਹਿਰਿਆ ਪਾਣੀ

ਇਸ ਮਹਾਂਨਗਰ ਦੇ
ਇਕ ਬਹੁਤ ਸੁੰਦਰ ਘਰ ਵਿਚ
ਰਹਿੰਦੀ ਹੈ ਇਕ ਇਕੱਲੀ ਔਰਤ
ਜਿਸ ਤਰ੍ਹਾਂ
ਚੁੱਪਚਾਪ ਠਹਿਰਿਆ ਖੂਹ ਦਾ ਪਾਣੀ

ਪਤੀ ਵਿਦੇਸ਼
ਦੋਹੀਂ ਹੱਥੀਂ ਡਾਲਰ ਕਮਾਉਂਦਾ
ਬੱਚੇ ਹੋਸਟਲ ਵਿਚ
ਛੁੱਟੀਆਂ 'ਚ ਘਰ ਆਉਂਦੇ
ਖੂਹ ਦੇ ਪਾਣੀ ਵਿਚੋਂ
ਡੋਲ ਭਰਦੇ
ਜਿਵੇਂ ਹਲਚਲ ਹੁੰਦੀ
ਕੁਝ ਪੀਂਦੇ, ਕੁਝ ਡੋਲਦੇ, ਚਲੇ ਜਾਂਦੇ

ਖੂਹ ਫੇਰੇ ਖਾਮੋਸ਼ ਹੋ ਜਾਂਦਾ
ਪਹਿਨ ਲੈਂਦਾ ਚੁੱਪ ਦਾ ਲਿਬਾਸ
ਢੱਕ ਲੈਂਦਾ ਸਾਰੀਆਂ ਭਾਵਨਾਵਾਂ
ਸਮੇਟ ਲੈਂਦਾ ਸਾਰੇ ਜਜ਼ਬੇ

ਮਹਾਂਨਗਰ 'ਚ ਰਹਿ ਜਾਂਦੀ
ਇਕ ਇਕੱਲੀ ਔਰਤ

## ਚਿਤਕਬਰੀ ਛਾਂ ਜਿਹੇ ਸੁਪਨੇ

ਅੱਖਾਂ ਵਿਚ...
ਜੇ ਤੁਸਾਂ ਬੀਜ ਹੀ ਲਏ ਨੇ
ਚਿਤਕਬਰੀ ਛਾਂ ਜਿਹੇ ਸੁਪਨੇ
ਤਾਂ ਆਪਣੀਆਂ ਤਲੀਆਂ 'ਤੇ
ਬੀਜੇ ਅੰਗਿਆਰਾਂ ਨੂੰ ਜਲ-ਪ੍ਰਵਾਹ ਕਰ ਆਓ

ਜੇ ਬਲਦੇ ਅੰਗਿਆਰਿਆਂ ਨੇ
ਪਾ ਹੀ ਲਿਆ ਹੈ ਆਲ੍ਹਣਾ
ਤੁਹਾਡੀਆਂ ਤਲੀਆਂ 'ਤੇ
ਤਾਂ ਤਿਤਲੀ ਦੇ ਪਰਾਂ 'ਤੇ ਲਿਖੀ
ਕਹਾਣੀ ਦੀਆਂ ਬਾਤਾਂ ਨਾ ਪਾਓ

ਸੁਪਨਿਆਂ ਦਾ ਸੰਸਾਰ ਲੈ ਕੇ
ਜੇ ਕਿਸ਼ਤੀ 'ਤੇ ਸਵਾਰ ਹੋਏ
ਤਾਂ ਦੇਖਣਾ
ਕਿਸ਼ਤੀ ਸੁਪਨਿਆਂ ਦੇ ਭਾਰ ਨਾਲ
ਪਾਣੀਆਂ 'ਚ ਗੋਤੇ ਖਾਏਗੀ
ਤੇ ਤੁਸੀਂ ਡੁੱਬੀ ਕਿਸ਼ਤੀ ਦਾ ਮਾਤਮ ਮਨਾਓਗੇ
ਜਾਂ ਚਿਤਕਬਰੀ ਛਾਂ ਜਿਹੇ ਸੁਪਨਿਆਂ ਦਾ

ਅੱਖਾਂ ਵਿਚ ਨਾ ਬੀਜਣਾ ਚਿਤਕਬਰੀ ਛਾਂ ਜਿਹੇ ਸੁਪਨੇ
ਨਹੀਂ ਤਾਂ ਖਾਹਮਖਾਹ
ਸੁਪਨਿਆਂ ਦੇ ਵਰਦਾਨ ਨਾਲ
ਸਰਾਪੇ ਜਾਓਗੇ

## ਇਕ ਬਟਨ ਦਬਾ ਕੇ

ਉਂਗਲੀ ਨਾਲ ਇਕ ਬਟਨ ਦਬਾ ਕੇ
ਮੈਂ ਦੇਖ ਸਕਦੀ ਹਾਂ
ਹਜ਼ਾਰਾਂ ਲੱਖਾਂ ਮੀਲਾਂ 'ਤੇ
ਹੋਣ ਵਾਲੀਆਂ ਘਟਨਾਵਾਂ ਨੂੰ

ਕਮਰੇ 'ਚ ਬੈਠੇ ਬੈਠੇ
ਦੇਖੇ ਜਾ ਸਕਦੇ ਨੇ
ਬੰਬ ਵਰ੍ਹਾਉਂਦੇ ਲੜਾਕੂ ਹਵਾਈ ਜਹਾਜ਼
ਲਹੂ ਲੁਹਾਨ ਹੋਏ ਮਨੁੱਖ
ਮਲਬੇ ਦਾ ਢੇਰ ਬਣੀਆਂ ਇਮਾਰਤਾਂ

ਮੈਂ ਦੇਖ ਰਹੀ ਹਾਂ
ਬਹੁਮੰਜ਼ਲੀਆਂ ਇਮਾਰਤਾਂ ਨਾਲ ਟਕਰਾਉਂਦੇ
ਆਤਮਘਾਤੀ ਹਵਾਈ ਜਹਾਜ਼
ਚਾਰੇ ਪਾਸੇ ਫੈਲਿਆ ਆਤੰਕ

ਮੇਰੀਆਂ ਇਹ ਅੱਖਾਂ
ਜੋ ਦੇਖ ਰਹੀਆਂ ਨੇ
ਇਰਦ ਗਿਰਦ ਵਾਪਰਦੀਆਂ ਘਟਨਾਵਾਂ ਨੂੰ
ਅੰਤਰਿਕਸ਼ ਵਿਚ ਹੁੰਦੇ ਵਿਸਫ਼ੋਟ ਨੂੰ
ਪਰ
ਆਪਣੀਆਂ ਅੱਖਾਂ 'ਚ ਪਈ ਕੱਜਲ ਦੀ ਧਾਰ
ਮੈਨੂੰ ਦਿਖਾਈ ਨਹੀਂ ਦੇਂਦੀ

## ਸੋਚ ਕਿ ਮੁਕਤੀ

ਜੇ ਮੈਂ ਸੋਚਾਂ ਕਿ ਮੈਂ ਕੁਝ ਨਹੀਂ ਸੋਚਦੀ
ਜ਼ਾਹਿਰ ਹੈ
ਮੇਰੀ ਸੋਚ ਨੇ ਉਸੇ ਵੇਲੇ
ਸੋਚ ਦੀ ਇਹ ਕੰਨੀ ਫੜ੍ਹੀ ਹੁੰਦੀ ਹੈ
ਕਿ ਮੈਂ ਕੁਝ ਨਹੀਂ ਸੋਚਦੀ

ਜੇ ਮੈਂ ਆਖਾਂ ਸਚਮੁੱਚ ਮੈਂ ਕੁਝ ਨਹੀਂ ਸੋਚਦੀ
ਤਾਂ ਇਸਦਾ ਮਤਲਬ ਹੈ
ਮੈਂ ਮੁਕਤ ਹਾਂ ਸਭ ਸੋਚਾਂ ਤੋਂ ਮੁਕਤ
ਜਿਸਦਾ ਅਰਥ ਹੈ ਮੋਕਸ਼

ਜੇ ਮੈਂ ਸੋਚਾਂ, ਮੈਂ ਮੁਕਤ ਹਾਂ
ਤਾਂ ਇਸਦਾ ਮਤਲਬ ਹੈ
ਮੇਰੀ ਸੋਚ ਅਟਕ ਗਈ ਹੈ ਮੁਕਤੀ 'ਤੇ

ਅਸਲ ਵਿਚ...
ਦੇਖਿਆ ਜਾਵੇ ਤਾਂ ਮੈਂ ਸੋਚਾਂ ਤੋਂ ਮੁਕਤ ਨਹੀਂ

ਸੋਚਾਂ ਦਾ ਕਾਫ਼ਲਾ
ਨਿਰੰਤਰ ਚੱਲਦਾ ਰਹਿੰਦਾ
ਮੇਰੇ ਸੋਚਣ ਦਾ ਅਰਥ
ਇਹ ਵੀ ਤਾਂ ਹੋ ਸਕਦਾ ਹੈ
ਕਿ ਮੈਂ ਜ਼ਿੰਦਾ ਹਾਂ
ਕਿਉਂਕਿ ਸੋਚਾਂ
ਕੇਵਲ ਮੁਰਦਿਆਂ ਨੂੰ ਨਹੀਂ ਹੁੰਦੀਆਂ

**ਦੇਹ ਪਿੰਡ**

ਮੇਰੇ ਸਨਮੁਖ
ਚੇਤਨਾ ਤੋਂ ਪਾਰ ਜਾਣ ਵਾਲੀਆਂ
ਵਿਧੀਆਂ ਦਾ ਪਾਸਾਰ ਹੈ
ਧਰਮ ਚਿੰਤਨ
ਫ਼ਲਸਫ਼ਾ…
ਸੰਚਿਤ ਗਿਆਨ
ਦੂਜਿਆਂ ਦੇ ਅਨੁਭਵ ਵੀ

ਮੇਰੀ ਇੱਛਾ
ਲੈਂਦੀ ਹੈ ਅੰਗੜਾਈਆਂ
ਲੋਚਦੀ ਹੈ ਸਮਾਧੀ 'ਚ ਲੀਨ ਹੋਣਾ
ਜੋ ਸ਼ੂਨਯ ਹੈ

ਮੇਰੇ ਸਨਮੁਖ ਪ੍ਰਸ਼ਨ ਹੈ
ਕੀ ਇਹ ਇੱਛਾ ਮੇਰੀ ਹੈ
ਮੇਰੇ ਗਿਆਨ ਦੀ
ਵਿਵੇਕ ਦੀ
ਧਰਮ ਚਿੰਤਨ ਦੀ
ਜਾਂ ਮਨ ਦੇ ਛਲਾਵੇ ਦੀ

ਪ੍ਰਸ਼ਨਾਂ ਦੇ ਜੰਗਲ 'ਚ ਵਿਚਰਦੀ
ਦੁਚਿੱਤੀ ਦੀ ਸਰਦਲ 'ਤੇ ਖੜ੍ਹੀ
ਸੋਚ ਰਹੀ ਹਾਂ
ਸ਼ਸ਼ਤਰ ਉਠਾਵਾਂ ਜਾਂ ਗੋਡੇ ਝੁਕਾਵਾਂ

ਸਵਾਲ ਫੇਰ ਮੇਰੇ ਸਨਮੁਖ ਹੈ
ਕਿਵੇਂ ਮਨਫ਼ੀ ਕਰਾਂ
ਕਿ ਇਸ ਦੇਹ-ਪਿੰਡ ਵਿਚ
ਜਜ਼ਬੇ ਵੀ ਹਨ, ਵਲਵਲੇ ਵੀ
ਹਰਖ ਵੀ ਹੈ, ਸੋਗ ਵੀ
ਇਕ ਅੱਖ 'ਚ ਅੱਥਰੂ
ਦੂਜੀ 'ਚ ਖੇੜਾ ਵੀ

ਮੇਰਾ ਇਹ ਦੇਹ-ਪਿੰਡ
ਜੋ ਰੰਗ ਭੂਮੀ ਵੀ ਹੈ
ਕਰਮ ਭੂਮੀ ਵੀ
ਤੇ ਰੋਗ ਭੂਮੀ ਵੀ
ਕਿਵੇਂ ਭੁੱਲ ਜਾਵਾਂ
ਇਹ ਮਨ ਭੂਮੀ ਵੀ ਹੈ
ਮਨ ਭੂਮੀ ਤੋਂ
ਦੇਹ ਪਿੰਡ ਤੋਂ
ਮੈਂ ਪਾਰ ਕਿਵੇਂ ਜਾਵਾਂ ?

## ਜਦੋਂ ਲੱਗੇ ਜਾਨਣ

ਬਿਨ ਜਾਣੇ
ਬਿਨ ਪਛਾਣੇ
ਅਹਿਸਾਸ ਹੋਣਾ ਆਪਣੇਪਣ ਦਾ
ਉਤਰ ਜਾਣ ਕਿਧਰੇ ਧੁਰ ਅੰਦਰ

ਜਦੋਂ ਲੱਗੇ ਜਾਨਣ ਸ਼ਬਦਾਂ ਦੇ ਅਰਥ
ਫਰੋਲਣ ਲੱਗੇ ਸ਼ਬਦਕੋਸ਼
ਸ਼ਬਦ ਮਿਲੇ, ਅਰਥ ਗਵਾਚ ਗਏ

ਬਿਨ ਪਾਣੀਓਂ ਤੜਫ਼ਦੀ ਮੱਛੀ
ਪਰ ਕੱਟਿਆ ਪੰਛੀ
ਫੜਫੜਾਉਂਦੇ ਸ਼ਬਦ
ਗਵਾਚੇ ਅਰਥ
ਸਖਣੇਪਣ ਨੇ ਬਾਹ ਫੈਲਾਈ
ਟੁੱਟ ਗਈ ਇਕ ਨਾਜ਼ਕ ਤੰਦ

ਫੇਰ...ਸਭ ਕੁਝ ਸੀ
ਰਿਸ਼ਤੇ ਦੀਆਂ ਤੰਦਾਂ
ਬੱਝੀਆਂ ਪੰਡਾਂ, ਬੰਧਨ, ਬੇੜੀਆਂ
ਨਾਲ ਨਾਲ ਤੁਰਦੇ ਪੈਰ
ਬਸ ਨਹੀਂ ਸੀ ਤਾਂ...
ਕਦਮਾਂ 'ਚ ਲੈਅ
ਧੜਕਣ 'ਚ ਸੰਗੀਤ
ਗਵਾਚ ਗਿਆ ਸੀ ਅਹਿਸਾਸ

## ਦਵੰਦ ਯੁੱਧ

ਮੈਂ ਦਰਸ਼ਕ ਹਾਂ
ਆਪਣੇ ਅੰਦਰ ਚਲਦੇ
ਦਵੰਦ ਯੁੱਧ ਦੀ

ਇਹ ਯੁੱਧ
ਮੇਰੇ ਤੇ ਮੇਰੇ ਵਿਚਕਾਰ
ਮੇਰੀ ਮੈਂ ਦੇ ਖਿਲਾਫ਼
ਲੜੀ ਜਾ ਰਹੀ ਹੈ

ਮੈਂ ਇਕ ਦਰਸ਼ਕ ਬਣ ਕੇ
ਆਪਣੇ ਹੱਥੀਂ
ਆਪਣੇ ਆਪ ਨੂੰ
ਲਹੂ ਲੁਹਾਨ ਹੁੰਦਾ ਵੇਖ ਰਹੀ ਹਾਂ

ਸ਼ਾਇਦ
ਆਪਣਾ ਸਾਰਥੀ
ਆਪਣਾ ਬਣਨ ਦੀ
ਮੇਰੇ ਵਿਚ ਹਿੰਮਤ ਨਹੀਂ

## ਰੁੱਖ ਤੇ ਮਨੁੱਖ

ਥੱਕਿਆ ਮੁਸਾਫ਼ਰ ਦਰਖ਼ਤ ਹੇਠ ਬੈਠਾ
ਦਰਖ਼ਤ ਨੇ ਮੁਸਕਰਾ ਕੇ
ਆਪਣੀਆਂ ਬਾਹਵਾਂ ਹਿਲਾਈਆਂ
ਫੁੱਲ ਪੱਤੀਆਂ ਝਾੜ ਉਹਦਾ ਸਵਾਗਤ ਕੀਤਾ
ਸੰਘਣੀ ਛਾਂ ਨਾਲ ਠੰਡਕ ਪਹੁੰਚਾਈ
ਮਿੱਠੇ ਫਲਾਂ ਨਾਲ ਉਹਦੀ ਭੁੱਖ ਮਿਟਾਈ
ਹਵਾ ਦੇ ਤਾਲ ਨਾਲ ਨ੍ਰਿਤ ਕਰ
ਉਸ ਨੂੰ ਲੋਰੀ ਸੁਣਾਈ
ਮੁਸਾਫ਼ਰ ਘੂਕ ਸੌਂ ਗਿਆ

ਉਹ ਨੀਂਦ ਤੋਂ ਜਾਗਿਆ
ਉਸ ਦਰਖ਼ਤ ਵੱਲ ਨੀਝ ਲਾਈ
ਜਾਇਜ਼ਾ ਲਿਆ
ਤੇ ਕੁਹਾੜੀ ਕੱਢ ਲਈ

## ਬੁਨਿਆਦ

ਮੌਤ ਨਾਲ ਹੀ
ਜੇ ਖ਼ਤਮ ਹੋ ਜਾਂਦਾ ਹੈ ਸਭ ਕੁਝ
ਤਾਂ ਫੇਰ ਆਤਮਾ ਪਰਮਾਤਮਾ ਦਾ ਵੀ ਕੀ ਅਰਥ

ਧਰਮ, ਗਿਆਨ, ਵਿਵੇਕ
ਸਾਰਾ ਫ਼ਲਸਫ਼ਾ ਟਿਕਿਆ ਹੋਇਆ
ਏਸ ਬੁਨਿਆਦ 'ਤੇ

ਪ੍ਰਸ਼ਨ ਹਵਾ 'ਚ ਲਹਿਰਾਉਂਦੇ ਨੇ
ਸੰਸਾਰ ਟਿਕਿਆ ਹੋਇਆ
ਕਿਸ ਆਧਾਰ 'ਤੇ
ਸਭ ਕੁਝ ਨਿਯਮਬੱਧ ਚੱਲ ਰਿਹਾ
ਕਿਉਂ ਚੱਲ ਰਿਹਾ
ਕਿਵੇਂ ਚੱਲ ਰਿਹਾ
ਕੌਣ ਚਲਾ ਰਿਹਾ
ਅਣਗਿਣਤ ਸਵਾਲ ਹਨ

ਜੇ ਸਵਾਲ ਹਨ
ਤਾਂ ਇਨ੍ਹਾਂ ਦਾ ਜਵਾਬ ਵੀ ਹੋਵੇਗਾ
ਜੇ ਭਵਨ ਹੈ
ਤਾਂ ਉਸਦੀ ਬੁਨਿਆਦ ਵੀ ਹੈ
ਜੇ ਦਿਖਾਈ ਨਹੀਂ ਦੇਂਦੀ
ਤਾਂ ਇਹਦਾ ਮਤਲਬ ਇਹ ਨਹੀਂ
ਕਿ ਬੁਨਿਆਦ ਹੀ ਨਹੀਂ

## **ਰਿਸ਼ਤੇ ਦੀ ਦਰਾੜ**

ਰਸੋਈ 'ਚ ਸਿਤਰੇ ਬਰਤਨ
ਸ਼ੈਲਫ਼ 'ਚ ਰੱਖੀਆਂ ਕਿਤਾਬਾਂ
ਅਲਮਾਰੀਆਂ 'ਚ ਪਏ ਕਪੜੇ
ਕਾਰਨਸ 'ਤੇ ਸਜੇ ਚੀਨੀ ਦੇ ਖਿਡੌਣੇ
ਸਭ ਕੁਝ ਸਾਂਭਿਆ ਸਿਤਰਿਆ
ਤਰਤੀਬਵਾਰ

ਬਸ...
ਜ਼ਿੰਦਗੀ ਹੀ ਹੋ ਗਈ ਹੈ ਬੇਤਰਤੀਬੀ
ਰਿਸ਼ਤੇ 'ਚ ਪੈ ਗਈ ਹੈ ਦਰਾੜ

## ਮਾਂ ਬੇਟੀ

ਬੇਟੀ ਖੁਸ਼ ਨਹੀਂ
ਕੋਈ ਗੱਲ ਨਹੀਂ
ਪਹਿਲੇ ਪਹਿਲੇ ਸਹੁਰੇ ਘਰ ਇੰਜ ਹੀ ਹੁੰਦਾ ਹੈ

ਸਭ ਠੀਕ ਹੋ ਜਾਵੇਗਾ
ਪਨੀਰੀ ਨੂੰ ਇਕ ਥਾਂ ਤੋਂ
ਦੂਜੀ ਥਾਂ ਲਾਉਣ ’ਤੇ
ਕੁਝ ਸਮਾਂ ਤਾਂ ਲੱਗਦਾ ਹੈ

ਬੇਟੀ ਉਦਾਸ ਹੈ
ਕੋਈ ਗੱਲ ਨਹੀਂ
ਅੱਜ ਉਦਾਸੀ ਹੈ
ਕੱਲ੍ਹ ਖੁਸ਼ੀ ਹੋਵੇਗੀ

ਪਰ...
ਬੇਟੀ ਮਾਯੂਸ ਹੈ
ਮਾਂ ਦੀ ਸੋਚ ’ਚ
ਸਹਿਮ ਦੇ ਪਰਛਾਵੇਂ ਮੰਡਰਾਅ ਰਹੇ ਹਨ

## ਬੁੱਢਾ ਦਰਖ਼ਤ ਤੇ ਕੁਰਲਾਉਂਦਾ ਪਰਿੰਦਾ

ਬੁੱਢੇ ਦਰਖ਼ਤ 'ਤੇ ਬੈਠਾ
ਭੁੱਖਾ ਪਰਿੰਦਾ ਕੁਰਲਾ ਰਿਹਾ ਹੈ
ਧੁਰ ਅੰਦਰ ਕਿਧਰੇ
ਬੇਬਸ ਸੁਣ ਰਹੀ ਹਾਂ ਮੈਂ
ਉਹਦੀ ਕੁਰਲਾਹਟ

ਬੁੱਢਾ ਦਰਖ਼ਤ...
ਪੱਤਿਆਂ ਨੂੰ ਕੁੱਛੜ ਚੁੱਕੀ
ਅਤੀਤ ਨੂੰ ਯਾਦ ਕਰਦਾ
ਬਿਨਾਂ ਅੱਖਾਂ ਅੱਥਰੂ ਵਹਾਉਂਦਾ
ਹਵਾ ਦੇ ਝੋਕਿਆਂ ਨਾਲ ਲੜਖੜਾਉਂਦਾ
ਸੁਣ ਰਿਹਾ ਪਰਿੰਦੇ ਦੀ ਕੁਰਲਾਹਟ

ਲੜਖੜਾਉਂਦਾ ਬੁੱਢਾ ਦਰਖ਼ਤ
ਸੁੱਕੇ ਪੱਤੇ ਹਵਾ 'ਚ ਉਛਾਲਦਾ
ਉਹਦੇ ਵਜੂਦ ਨਾਲੋਂ ਟੁੱਟ ਕੇ
ਪੈਰਾਂ ਹੇਠ ਚਰਮਰਾਉਂਦੇ ਨੇ ਸੁੱਕੇ ਪੱਤੇ

ਮੇਰੇ ਅੰਦਰ
ਕੁਰਲਾਉਂਦਾ ਸੀ ਭੁੱਖਾ ਪਰਿੰਦਾ
ਹੁਣ ਕੁਰਲਾ ਰਹੇ ਨੇ ਚਰਮਰਾਉਂਦੇ ਪੱਤੇ ਵੀ

## ਵਕਤ ਦਾ ਕਾਫ਼ਲਾ

ਮੈਂ ਸੁਣਿਆ...
ਜ਼ਿੰਦਗੀ ਉਪਨਿਆਸ ਹੈ
ਸਾਰਾ ਪੜ੍ਹੇ ਬਗ਼ੈਰ ਲਿੰਕ ਨਹੀਂ ਬੱਝਦਾ

ਪਰ ਜ਼ਿੰਦਗੀ...
ਜਸੂਸੀ ਨਾਵਲ ਦਾ ਨਾਇਕ ਸੀ
ਜਿਸਦੀ ਸ਼ਖਸੀਅਤ
ਮੇਰੇ ਦਿਲ 'ਤੇ, ਦਿਮਾਗ਼ 'ਤੇ
ਰੂਹ 'ਤੇ ਹਾਵੀ ਹੁੰਦੀ ਗਈ
ਜਦੋਂ ਉਪਨਿਆਸ ਖ਼ਤਮ ਹੋਇਆ
ਤਾਂ ਨਾਇਕ ਹੀ ਖਲਨਾਇਕ ਨਿਕਲਿਆ

ਮੈਂ ਸੋਚਿਆ...
ਜ਼ਿੰਦਗੀ ਗ੍ਰੰਥ ਹੈ
ਜਿਸਨੂੰ ਭਾਵਨਾਵਾਂ ਵਿਚ ਲਪੇਟ ਕੇ ਰੱਖਾਂਗੇ
ਤੇ ਕਦੇ ਕਦੇ ਪੜ੍ਹਾਂਗੇ
ਪਰ ਜ਼ਿੰਦਗੀ ਅਰਥ ਸ਼ਾਸ਼ਤਰ ਸੀ
ਤੇ ਮੇਰੀ ਸੂਝ
ਤਿੰਨ ਜਮ੍ਹਾ ਦੋ ਦਾ ਜੋੜ ਲਾਉਣ ਵਿਚ
ਗ਼ਲਤੀ ਕਰ ਜਾਂਦੀ ਸੀ

ਮੈਂ ਸੁਣਿਆ...
ਜ਼ਿੰਦਗੀ ਮਹਿਬੂਬ ਦੇ ਕੋਟ ਦੇ ਕਾਲਰ ਵਿਚ ਅਟਕੇ
ਗੁਲਾਬ ਦਾ ਗੀਤ ਹੈ

ਪਰ ਜ਼ਿੰਦਗੀ
ਹਥੇਲੀਆਂ ਤੇ ਗਵਾਚੀਆਂ ਰੇਖਾਵਾਂ ਦਾ ਜੰਗਲ ਸੀ
ਮੇਰੀ ਹੋਂਦ ਦੀ ਸਹਿਮੀ ਹਿਰਨੀ
ਹਰ ਵੇਰ ਗਵਾਚੇ ਦਾ ਇਸ਼ਤਿਹਾਰ ਪੜ੍ਹ ਕੇ
ਆਪਣਾ ਆਪ ਲੱਭਣ ਤੁਰ ਪਈ
ਮੇਰੀ ਚੇਤਨਾ ਦਾ ਮਸੀਹਾ
ਬਾਰ ਬਾਰ ਸੂਲੀ ਚੜ੍ਹਦਾ ਰਿਹਾ
ਮੈਂ ਸਾਹਾਂ ਦੇ ਚੀਥੜੇ ਗਲ 'ਚ ਪਾ
ਉਮਰਾਂ ਦਾ ਬਨਵਾਸ ਭੋਗਦਿਆਂ
ਇਹ ਭੁੱਲ ਜਾਂਦੀ ਸੀ ਕਿ
ਅੰਬਰਾਂ ਤੋਂ ਕੂੰਜਾਂ ਦੀਆਂ ਪੈੜਾਂ ਕਿਸੇ ਨਹੀਂ ਲੱਭੀਆਂ

ਮੈਂ ਅਹਿਸਾਸ ਹੋਇਆ...
ਜ਼ਿੰਦਗੀ ਇਕ ਸ਼ਖ਼ਸ, ਇਕ ਚਿਹਰਾ
ਇਕ ਰਿਸ਼ਤੇ ਦਾ ਨਾਂ ਨਹੀਂ
ਇਹ ਤਾਂ ਅਣਡਿੱਠਾ ਅਜਾਇਬ ਘਰ ਹੈ
ਜਿਥੇ ਮੋਏ ਹੋਏ ਪਲਾਂ ਦਾ ਇਤਿਹਾਸ
ਟੁੱਟੇ ਨਗਾਰਿਆਂ ਦੀ ਹੂਕ
ਸਾਜ਼ 'ਚੋਂ ਮਨਫ਼ੀ ਹੋਏ ਸੁਰ
ਪਰੰਪਰਾ ਦੀ ਅਲਮਾਰੀ ਵਿਚ ਕੱਜ ਲਪੇਟ ਕੇ ਰੱਖੇ
ਹਸਰਤਾਂ ਦੇ ਵਸਤਰ
ਝੁਲਸੀਆਂ ਯਾਦਾਂ, ਸਿਸਕਦੀਆਂ ਆਸਾਂ
ਕੁਝ ਰੱਦੀ ਅਖ਼ਬਾਰਾਂ ਜਿਹੇ ਚਿਹਰੇ
ਪੁਰਾਣੇ ਸਿੱਕਿਆਂ ਵਰਗੇ ਰਿਸ਼ਤੇ

ਕੁਝ ਅਣਗਾਏ ਗੀਤ
ਅਣਕਹੀਆਂ ਪੀੜਾਂ
ਤੇ ਪਰਛਾਵਿਆਂ ਦੇ ਪੋਰਟਰੇਟ ਨੇ

ਪਰ ਜ਼ਿੰਦਗੀ ਤਾਂ
ਸਮੇਂ ਦਾ ਸੁਕਰਾਤ ਸੀ
ਜਿਹੜਾ ਹਾਲਾਤ ਦਾ ਜ਼ਹਿਰ
ਰੋਜ਼ ਘੁੱਟ ਘੁੱਟ ਕਰਕੇ ਪੀਂਦਾ ਹੈ
ਨਾ ਮਰਦਾ ਹੈ ਨਾ ਜੀਂਦਾ ਹੈ

ਇਹ ਤਾਂ ਆਪੇ ਦਾ ਮਹਾਭਾਰਤ ਹੈ
ਅੰਦਰਲਾ ਕਰਬਲਾ
ਤੇ ਮੱਥੇ 'ਤੇ ਉਕਰਿਆ ਕੁਰਕਸ਼ੇਤਰ
ਜੋ ਪ੍ਰਸਥਿਤੀਆਂ ਨੂੰ ਰੇਤ ਦੀਆਂ ਸਿਲਵਟਾਂ
ਤੇ ਮਾਰੂਥਲ ਨੂੰ ਤੜਫ਼ਦੀਆਂ ਲਹਿਰਾਂ ਬਣਾ ਕੇ
ਆਪ ਸਮੇਂ ਦੇ ਚੱਕਰ ਵਿਚ ਚਲਦਾ
ਵਕਤ ਦਾ ਕਾਫ਼ਲਾ ਹੈ
ਵਕਤ ਦਾ ਕਾਫ਼ਲਾ ਹੈ

## ਅਚੇਤ ਸੁਚੇਤ ਦੀ ਸਰਦਲ 'ਤੇ

ਅੱਜ...
ਰਿਸ਼ਤਿਆਂ ਦੇ ਸੂਰਜ ਨੂੰ
ਨਾ ਜਾਣੋ, ਨਾ ਪਛਾਣੋ
ਨਾ ਜਮ੍ਹਾ ਕਰਕੇ ਉਸਦਾ ਖੇਤਰਫਲ ਕੱਢੋ
ਜੇ ਕੁਝ ਕਰਨਾ ਹੀ ਹੈ
ਤਾਂ ਆਪਣਾ ਆਪ ਮਨਫ਼ੀ ਕਰ ਦੇਵੋ
ਕਿਉਂਕਿ...ਰਿਸ਼ਤਿਆਂ ਦੇ ਸੂਰਜ ਦਾ ਅਰਥ
ਕੇਵਲ ਕੋਸੀ ਨਿੱਘੀ ਧੁੱਪ ਨਹੀਂ ਹੁੰਦਾ

ਅੱਜ ਕੱਲ੍ਹ...
ਰਿਸ਼ਤੇ ਤਾਂ ਬੱਸ ਰਿਸ਼ਤੇ ਹੁੰਦੇ ਨੇ
ਜਿਵੇਂ...
ਅਲਮਾਰੀ ਵਿਚ ਪਈਆਂ ਕਿਤਾਬਾਂ
ਸੜਕ 'ਤੇ ਦੌੜਦੀ ਕਾਰ
ਖ਼ੂਬਸੂਰਤ ਪਤਨੀ
ਫੁੱਲਾਂ ਵਰਗੇ ਬੱਚੇ
ਚਾਬੀ ਵਾਲੇ ਖਿਡੌਣੇ
ਕੁਝ ਕਵਚ
ਕੁਝ ਮੁਖੌਟੇ
ਕੁਝ...ਕੁਝ
ਤੇ ਕੁਝ ਨੀਂਦ ਦੀਆਂ ਗੋਲੀਆਂ

ਅੱਜ ਕੱਲ੍ਹ
ਰਿਸ਼ਤੇ ਤਾਂ ਬਸ ਰਿਸ਼ਤੇ ਹੁੰਦੇ ਨੇ

ਰਿਸ਼ਤੇ ਦੀਆਂ ਅੱਖਾਂ ਵਿਚੋਂ
ਆਪਣੇ ਅੱਥਰੂ ਲੱਭਦਿਆਂ
ਇਹ ਭੁੱਲ ਜਾਂਦਾ ਹੈ
ਸਿੱਧਾਂ ਲਟਕੇ ਜਾਂ ਉਲਟਾ
ਦਿਉ ਕੱਦ ਹੋਵੇ ਜਾਂ ਬੌਣਾ
ਪਰਛਾਵਾਂ ਤਾਂ ਪਰਛਾਵਾਂ ਹੈ
ਜਿਸ ਦੇ ਗਲ ਲੱਗ ਕੇ
ਰੋਇਆ ਨਹੀਂ ਜਾਂਦਾ

## ਫਰੇਮ ਵਿਚ ਸੁੰਗੜਿਆ ਆਦਮੀ

ਅਕਸਰ—
ਇੰਜ ਵੀ ਹੁੰਦਾ ਹੈ
ਆਦਮੀ
ਸਮੁੰਦਰ ਨੂੰ ਗਲੇ ਮਿਲਣ ਦਾ ਅਜ਼ਮ ਲੈ ਕੇ ਤੁਰਦਾ
ਸੁੱਕੀ ਝੀਲ ਵਿਚ ਤਾਰੀਆਂ ਲਾਉਂਦਾ
ਬਾਦਬਾਨ ਚਲਾਉਂਦਾ
ਟੁੱਟੀ ਕਿਸ਼ਤੀ ਦਾ ਮਲਾਹ ਬਣ ਜਾਂਦਾ

ਅਕਸਰ ਇੰਜ ਵੀ ਹੁੰਦਾ ਹੈ
ਕਿ ਆਦਮੀ ਟੁਰਦਿਆਂ ਟੁਰਦਿਆਂ
ਕਿਉਂ, ਕਦੋਂ ਅਤੇ ਕਿਥੇ ਪਹੁੰਚ ਜਾਂਦਾ ਹੈ
ਰੂਹ ਨੂੰ ਪਿੰਡੇ ਤੋਂ ਉਤਾਰੀ ਕੁੰਜ ਵਾਂਗ ਪਿੱਛੇ ਛੱਡ ਕੇ
ਆਪ ਸੱਪ ਵਾਂਗ ਸਰਕ ਜਾਂਦਾ ਹੈ

ਅਕਸਰ ਉਹ...ਆਪਣੇ ਕਦਮਾਂ ਨਾਲ
ਦੁਨੀਆ ਨਾਪਣ ਦਾ ਅਜ਼ਮ ਲੈ ਕੇ ਤੁਰਦਾ
ਤੇ ਕਾਰਨਸ 'ਤੇ ਸਜੇ ਫਰੇਮ ਵਿਚ
ਸੁੰਗੜ ਕੇ ਬੈਠ ਜਾਂਦਾ ਹੈ

ਤੇ ਉਹ...
ਪੈਰਾਂ ਹੇਠਲੀ ਜ਼ਮੀਨ ਨੂੰ ਗਿਰਵੀ ਰੱਖ
ਕਲਪਨਾ ਦੀ ਕਿਤਾਬ ਵਿਚੋਂ
ਖੰਭਾਂ ਵਾਲੇ ਘੋੜੇ ਨੂੰ ਲੱਭਦਾ
ਆਪਣੇ ਪੈਰ ਗਵਾ ਆਉਂਦਾ ਹੈ

## ਸੀਮਾ

ਤੂੰ ਕਿਹਾ ਸੀਮਾ ਉਲੰਘ ਕੇ ਆ
ਮਿਲਾਪ ਦੀ ਗਲਵੱਕੜੀ ਵਿਚ ਬੱਝ ਜਾਈਏ
ਮੇਰੀ ਹਸਤੀ ਇਕ ਸਵਾਲ ਬਣ ਕੇ
ਮੇਰੇ ਸਨਮੁਖ ਹੋ ਕੇ ਪੁੱਛਣ ਲੱਗੀ
'ਕੀ ਗਲਵੱਕੜੀ ਸੀਮਾ ਨਹੀਂ' ?

ਜਾਣਦਾ ਹੈ...ਧਰਤੀ ਸੂਰਜ ਦੁਆਲੇ ਘੁੰਮਦੀ ਹੈ
ਪਰ ਸੂਰਜ ਧਰਤੀ 'ਤੇ ਨਹੀਂ ਆਉਂਦਾ
ਕਿਉਂਕਿ ਉਹ ਧਰਤੀ ਨੂੰ ਪਿਆਰ ਕਰਦਾ
ਜੇ ਉਹਨੇ ਧਰਤੀ ਨੂੰ ਹਿੱਕ ਨਾਲ ਲਾਇਆ
ਤਾਂ ਉਹ ਭਸਮ ਹੋ ਜਾਏਗੀ

ਸੂਰਜ ਜਾਣਦਾ ਹੈ
ਸੀਮਾ ਤਾਂ ਹੁੰਦੀ ਹੀ ਪਿਆਰ ਦੀ ਹੈ
ਆਪਣੇ ਆਪਣੇ ਅਸਤਿਤਵ ਦੀ
ਆਪਣੀ ਰੂਹ ਦੀ ਆਜ਼ਾਦੀ ਦੀ

ਮੰਨ ਲਵੋ...
ਤਨ ਦੇ ਸਾਰੇ ਕੱਜਣ ਉਤਾਰ ਕੇ
ਮੈਂ ਸੱਚ ਦੇ ਸਾਹਵੇਂ ਖਲੋ ਵੀ ਜਾਵਾਂ
ਤਾਂ ਕੀ ਤੇਰੇ ਵਿਚ ਜੁਰਅਤ ਹੈ
ਨੰਗੀ ਅੱਖ ਨਾਲ ਸੂਰਜ ਨੂੰ ਤੱਕਣ ਦੀ

ਜੇ ਹਿੰਮਤ ਹੈ ਤਾਂ ਕਾਲਾ ਚਸ਼ਮਾ ਉਤਾਰ ਕੇ ਆ
ਨਹੀਂ ਤਾਂ ਆਪਣੀਆਂ ਹੱਦਾਂ ਵਿਚ ਸਿਮਟ ਜਾ

## ਸਹੇਲੀਆਂ

ਅਚਾਨਕ
ਉਹ ਮਿਲੀ ਇਕ ਪਾਰਟੀ 'ਤੇ
ਉਹ ਜੋ...
ਕਾਲਜ ਦੇ ਜ਼ਮਾਨੇ ਵਿਚ ਮੇਰੀ ਸਹੇਲੀ ਸੀ
ਸੁੰਦਰ ਚੁਲਬੁਲੀ
ਗੱਲ ਗੱਲ 'ਤੇ ਹਾਸੇ ਦੇ ਫੁਹਾਰੇ
ਹਰ ਵੇਲੇ ਸੁਝਦੇ ਸਨ ਉਸਨੂੰ ਲਤੀਫ਼ੇ
ਚਾਂਦੀ ਦੇ ਘੁੰਗਰੂ ਛਣਕਾਉਂਦੀ
ਹੱਸਦੀ ਹਸਾਉਂਦੀ
ਮੇਰੇ ਚੇਤਿਆਂ ਦੇ ਪਾਣੀ ਵਿਚ
ਮੱਛੀ ਵਾਂਗ ਤਾਰੀਆਂ ਲਾਉਂਦੀ ਸੀ

ਅਚਾਨਕ—
ਇਕ ਦਿਨ ਪਾਰਟੀ 'ਤੇ ਉਹ ਮਿਲੀ
ਉਹਦੇ ਲਿਬਾਸ ਵਿਚ ਨੰਗੇਜ
ਮੇਕਅਪ ਵਿਚ ਬਨਾਵਟੀਪਣ
ਧਾ ਗਲਵੱਕੜੀ ਪਾ ਕੇ ਮਿਲੀ

ਲੱਗਿਆ—
ਉਹਦੀਆਂ ਅੱਖਾਂ ਖੁਸ਼ਕ ਦਰਿਆ ਦਾ ਹਉਕਾ ਸੀ
ਮੇਕਅਪ ਦੀਆਂ ਪਰਤਾਂ ਹੇਠ ਉਹਦਾ ਚਿਹਰਾ
ਦੁਖਾਂਤ ਕਿਤਾਬ ਦਾ ਆਖ਼ਰੀ ਕਾਂਡ ਸੀ
ਪ੍ਰਸ਼ਨ ਚਿੰਨ੍ਹ ਬਣਿਆ ਮੇਰਾ ਵਜੂਦ
ਉਹਦੇ ਸਾਹਮਣੇ ਖੜ੍ਹਾ ਸੀ

ਮੈਨੂੰ ਬਾਹਵਾਂ ਵਿਚ ਘੁੱਟਦੀ
ਕੱਲਰੀ ਮਿੱਟੀ ਵਾਂਗ ਕਿਰਦੀ
ਉਹ ਆਖਣ ਲੱਗੀ—
'ਛੱਡ ਪਰ੍ਹੇ
ਪ੍ਰਸ਼ਨਾਂ ਦੇ ਸੰਗਲ ਨਾ ਮਾਰ
ਬਸ ਇੰਜ ਹੀ ਕੁਝ ਪਲ
ਅਤੀਤ ਦੀ ਛਾਂ ਹੇਠ ਬੈਠਣ ਦੇ'

ਦੁੱਖਾਂ ਦੀ ਪਟਾਰੀ ਨੂੰ ਢੱਕਣ ਲਾ
ਉਹ ਦੋ ਪਲ ਜੀਅ ਉੱਠੀਆਂ
ਹਾਸੇ ਦੇ ਘੁੰਗਰੂ ਛਣਕੇ

## ਸ਼ੋਅ-ਕੇਸ

ਸ਼ੀਸ਼ੇ ਦੇ ਇਕਵੇਰੀਅਮ ਵਿਚ ਤਰਦੀਆਂ
ਰੰਗ-ਬਰੰਗੀਆਂ ਮੱਛੀਆਂ
ਖੁਸ਼ੀ ਖੁਸ਼ੀ ਕੱਢ ਰਹੀਆਂ ਨੇ ਚੱਕਰ
ਚੱਕਰ 'ਤੇ ਚੱਕਰ...
ਇਹ ਮੇਰਾ ਨਜ਼ਰੀਆ ਹੈ
ਮੱਛੀਆਂ ਦਾ ਨਹੀਂ
ਮੱਛੀਆਂ ਦੇ ਨਜ਼ਰੀਏ ਬਾਰੇ
ਮੈਂ ਕੁਝ ਨਹੀਂ ਜਾਣਦੀ

ਮੇਰੀ ਮਨੋਸਥਿਤੀ ਅਨੁਸਾਰ ਉਹ ਖੁਸ਼ ਨੇ
ਕਿਉਂਕਿ ਜ਼ਿੰਦਗੀ ਜੀਣ ਲਈ ਹੈ
ਤੇ ਉਹ ਜੀਅ ਰਹੀਆਂ ਨੇ ਬੇਖ਼ੌਫ

ਏਥੋਂ ਦਾ ਨਿਜ਼ਾਮ ਸੁਰੱਖਿਅਤ ਹੈ
ਏਥੇ ਇਕ ਮੱਛੀ ਦੂਜੀ ਦਾ ਸ਼ਿਕਾਰ ਨਹੀਂ ਕਰਦੀ
ਆਪਣੀ ਜ਼ਾਤ ਦਾ ਆਹਾਰ ਨਹੀਂ ਕਰਦੀ
ਆਹਾਰ ਲਈ ਜਦੋਜਹਿਦ ਨਹੀਂ
ਇਕਵੇਰੀਅਮ ਦੀਆਂ ਮੱਛੀਆਂ ਵਿਚ
ਪਾਰਟੀ 'ਚ ਚਹਿਕਦੀਆਂ ਔਰਤਾਂ 'ਚ ਫ਼ਰਕ ਨਹੀਂ
ਇਹ ਮੇਰਾ ਨਜ਼ਰੀਆ ਹੈ
ਜ਼ਰੂਰੀ ਨਹੀਂ ਤੁਹਾਡਾ ਵੀ ਹੋਵੇ

ਰੰਗ-ਬਰੰਗੇ ਸੁੰਦਰ, ਫੈਸ਼ਨਦਾਰ ਲਿਬਾਸ ਵਿਚ
ਅਠਖੇਲੀਆਂ ਕਰਦੀਆਂ

ਤੰਬੋਲਾ ਖੇਡਦੀਆਂ
ਗੱਪਾਂ ਮਾਰਦੀਆਂ
ਚਾਟ ਖਾਂਦੀਆਂ
ਇਕ ਦੂਜੀ ਨੂੰ ਸਿਰ ਤੋਂ ਪੈਰਾਂ ਤਕ ਨਿਹਾਰਦੀਆਂ
ਆਪਣੀ ਸਿਆਣਪ ਦਾ ਡੰਕਾ ਵਜਾਉਂਦੀਆਂ
ਚਹਿਕ ਰਹੀਆਂ ਨੂੰ
ਸਜੀਆਂ ਫਬੀਆਂ ਔਰਤਾਂ
ਸ਼ੀਸ਼ੇ ਦੇ ਇਕਵੇਰੀਅਮ ਵਿਚ
ਤਰ ਰਹੀਆਂ ਨੇ
ਰੰਗ-ਬਰੰਗੀਆਂ ਮੱਛੀਆਂ

## ਕੁੜੀਆਂ ਚਿੜੀਆਂ

ਕੁੜੀਆਂ ਨੂੰ ਕਹਿੰਦੇ ਹੋ ਚਿੜੀਆਂ
ਚੋਗ ਚੁਗਦੀਆਂ, ਚਹਿਕਦੀਆਂ
ਇਕ ਟਹਿਣੀ ਤੋਂ ਦੂਜੀ 'ਤੇ ਜਾਂਦੀਆਂ
ਆਜ਼ਾਦ ਨੇ ਚਿੜੀਆਂ

ਚਿੜੀਆਂ ਆਜ਼ਾਦ ਨੇ
ਉਹਨਾਂ ਦੇ ਖੰਭਾਂ 'ਚ ਪਰਵਾਜ਼ ਹੈ
ਕੱਲ੍ਹ ਤੋਂ ਬੇਖ਼ਬਰ
ਲੁਕ ਕੇ ਬੈਠੀ ਬਿੱਲੀ ਤੋਂ ਬੇਪ੍ਰਵਾਹ
ਜਾਣਦੀਆਂ ਨੇ ਬਿੱਲੀ ਦੇ ਖੰਭ ਨਹੀਂ
ਉਨ੍ਹਾਂ ਦੇ ਖੰਭਾਂ 'ਤੇ ਪਰਵਾਜ਼ ਹੈ

ਕੁੜੀਆਂ ਨੂੰ ਚਿੜੀਆਂ ਆਖਦੇ ਹੋ
ਕਿਉਂ ਆਖਦੇ ਹੋ
ਕੀ ਤੁਸੀਂ ਨਹੀਂ ਜਾਣਦੇ
ਚਿੜੀਆਂ ਦੇ ਖੰਭ ਹੁੰਦੇ ਨੇ
ਕੁੜੀਆਂ ਦੇ ਨਹੀਂ
ਕੁੜੀਆਂ ਨੂੰ ਬੇਬਸ ਸਮਝ ਕੇ
ਕਰ ਦੇਂਦੇ ਹੋ ਵਿਹੜੇ ਦੀ ਸਰਦਲ ਤੋਂ ਪਾਰ

ਸਰਦਲ ਤੋਂ ਪਾਰ ਕੀ ਹੋਵੇਗਾ ?
ਸ਼ਾਇਦ ਹਨੇਰਾ
ਸੁਪਨਿਆਂ ਦੇ ਟੁੱਟੇ ਖੰਭ
ਪ੍ਰਸਥਿਤੀਆਂ ਦਾ ਫੈਲਿਆ ਜਾਲ

ਪੈਰਾਂ 'ਚ ਪਰੰਪਰਾ ਦਾ ਸੰਗਲ
ਮਾਨ ਮਰਿਆਦਾ ਦਾ ਖਿਲਰਿਆ ਚੋਗ

ਤਿਣਕੇ ਇਕੱਠੇ ਕਰਦੀਆਂ
ਸਮਝੌਤਿਆਂ ਦੀਆਂ ਪੰਡਾਂ ਬੰਨ੍ਹਦੀਆਂ
ਉਹ ਭੁੱਲ ਜਾਂਦੀਆਂ ਨੇ
ਉਹਨਾਂ ਨੂੰ ਕਹਿੰਦੇ ਸੀ ਚਿੜੀਆਂ
ਚਿੜੀਆਂ...ਜਿਨ੍ਹਾਂ ਦੇ ਖੰਭਾਂ 'ਚ
ਹੁੰਦੀ ਹੈ ਪਰਵਾਜ਼

## ਕਵੀ ਸੋਚ ਰਿਹਾ

ਗਲੀ ਵਿਚ...
ਝਗੜ ਰਹੀਆਂ ਨੇ ਔਰਤਾਂ
ਲੜਾਈ ਦਾ ਕਾਰਨ
ਕੁਝ ਵੀ ਨਹੀਂ
ਕੁਝ ਵੀ ਹੋ ਸਕਦਾ ਹੈ

ਮਸਲਨ—
ਖੇਡਦਿਆਂ ਬੱਚਿਆਂ ਦਾ ਲੜ ਪੈਣਾ
ਇਕ ਦੀ ਗੇਂਦ ਦੂਜੀ ਦੇ ਵਿਹੜੇ 'ਚ ਆ ਵੱਜਣੀ
ਸੁੱਕਣੇ ਪਈਆਂ ਮਿਰਚਾਂ ਦਾ ਖਿਲਰ ਜਾਣਾ
ਇਕ ਦੇ ਪਤੀ ਦਾ
ਦੂਜੀ ਨੂੰ ਹੱਸ ਕੇ ਬੁਲਾ ਲੈਣਾ
ਉਹਦੀ ਤਰੀਫ਼ 'ਚ ਦੋ ਸ਼ਬਦ
ਮੂੰਹੋਂ ਨਿਕਲ ਜਾਣੇ ਸਹਿਜ ਸੁਭਾ
ਇਕ ਦੇ ਮੁੰਡੇ ਦਾ ਦੂਜੀ ਦੀ ਕੁੜੀ ਨੂੰ
ਹੈਲੋ ਆਖ ਦੇਣਾ
ਕਾਰਨ ਕੁਝ ਵੀ ਨਹੀਂ
ਕੁਝ ਵੀ ਹੋ ਸਕਦਾ ਹੈ

ਇਕੋ ਗਲੀ 'ਚ ਰਹਿੰਦੀਆਂ ਔਰਤਾਂ
ਦੁਨੀਆ ਦੇ ਮਸਲੇ ਛੋਟੇ ਨੇ ਜਾਂ ਵੱਡੇ
ਕਿਧਰੇ ਹੜ੍ਹ ਆਇਆ ਕਿਧਰੇ ਤੂਫ਼ਾਨ
ਲੀਡਰ ਕਰੀ ਜਾ ਰਹੇ ਨੇ ਘੁਟਾਲੇ

ਦੁਨੀਆ ਧਸਦੀ ਜਾ ਰਹੀ ਹੈ
ਬੇਈਮਾਨੀ ਦੀ ਦਲਦਲ ਵਿਚ
ਅਖ਼ਬਾਰ ਕੂਕਦੇ ਨੇ
ਉਹ ਬਹੁਤਾ ਧਿਆਨ ਨਹੀਂ ਦੇਂਦੀਆਂ
ਅਖ਼ਬਾਰ 'ਚੋਂ ਪੜ੍ਹਦੀਆਂ ਨੇ ਚਟਪਟੀਆਂ ਖ਼ਬਰਾਂ
ਜਾਂ ਦੇਖਦੀਆਂ ਨੇ
ਸ਼ੈਤਾਨ ਦੀਆਂ ਆਂਦਰਾਂ ਵਾਂਗ ਲੰਮੇ
ਟੀ.ਵੀ. ਸੀਰੀਅਲ
ਐਡੀਟੋਰੀਅਲ ਪੜ੍ਹਨ ਵੇਲੇ
ਉਹਨਾਂ ਨੂੰ ਯਾਦ ਆ ਜਾਂਦਾ ਹੈ
ਚੁੱਲ੍ਹੇ 'ਤੇ ਰੱਖਿਆ ਦੁੱਧ
ਬਾਲਟੀ 'ਚ ਪਏ ਗਿੱਲੇ ਕੱਪੜੇ
ਸਫਾਈ ਵਾਲੀ ਦੇ ਕੰਮ ਰਹਿ ਗਏ ਨੁਕਸ

ਉਹ ਬਹੁਤ ਵਿਅਸਤ ਨੇ ਘਰ ਦੇ ਕੰਮਾਂ 'ਚ
ਏਨੇ ਕੰਮਾਂ 'ਚ ਰੁੱਝੀਆਂ
ਕਿਵੇਂ ਕੱਢ ਲੈਂਦੀਆਂ ਨੇ ਸਮਾਂ
ਇੰਞ ਝਗੜਣ ਦਾ
ਨਿੰਦ-ਕਥਾ ਕਰਨ ਦਾ
ਮਿਹਣੇ ਕੁਮੇਹਣੇ ਭਿੜਨ ਦਾ
ਅਗਲੇ ਦਿਨ ਸੁਲਾਹ-ਸਫਾਈ ਕਰਕੇ ਹੱਸਣ ਦਾ
ਸਬਜ਼ੀ ਦੀਆਂ ਕਟੋਰੀਆਂ ਵਟਾਉਣ ਦਾ
ਇਕ ਦੂਜੀ ਦੇ ਬਾਲਾਂ ਤੋਂ
ਸਦਕੇ ਵਾਰੀ ਜਾਣ ਦਾ

ਆਪਣੇ ਘਰ 'ਚ
ਬਾਰੀ 'ਚ ਪਰਦੇ ਓਹਲੇ ਬੈਠਾ
ਕਵੀ ਸੋਚਦਾ ਹੈ...
ਕੀ ਇਹੀ ਹੈ ਜੀਵਨ ਦਾ ਰਹੱਸ
ਤਣਾਉ ਮੁਕਤ ਹੋਣ ਦਾ ਢੰਗ
ਕੁਝ ਖੱਟਾ, ਕੁਝ ਮਿੱਠਾ
ਕੁਝ ਤਲਖ, ਕੁਝ ਤੁਰਸ਼ ਤੇ ਕੁਝ ਸ਼ੀਰੀ

ਗਲੀ 'ਚ ਲੜ ਝਗੜ ਰਹੀਆਂ ਨੇ ਔਰਤਾਂ
ਖਿੜਕੀ ਉਹਲੇ ਬੈਠਾ ਕਵੀ ਸੋਚ ਰਿਹਾ
ਸੋਚ ਰਿਹਾ ਹੈ

## ਪਤਨੀ ਸੋਚਦੀ ਹੈ

ਉਹ ਕਵੀ ਹੈ
ਨਾਪਦਾ ਹੈ ਉੱਡਦੇ ਬਾਜ਼ਾਂ ਦੀ ਪਰਵਾਜ਼
ਨਿਹਾਰਦਾ ਹੈ ਆਕਾਸ਼ ਦੀ ਨਿਲੱਤਣ
ਖਿੜਦੇ ਫੁੱਲਾਂ ਦੀ ਮੁਸਕਾਨ
ਉਤਰ ਜਾਂਦਾ ਹੈ ਮਨ ਦੀਆਂ ਗਹਿਰਾਈਆਂ 'ਚ
ਮੱਥੇ ਦੀਆਂ ਉਚਾਈਆਂ 'ਚ

ਮਹਿਸੂਸਦਾ ਹੈ—
ਮਿਲਾਪ 'ਚ ਕੰਬਦੇ ਹੋਠਾਂ ਦੀ ਲਰਜਿਸ਼
ਵਿਛੋੜੇ ਦਾ ਦਰਦ
ਚੰਦਰਮਾ ਦਾ ਧਰਤੀ ਦੁਆਲੇ
ਧਰਤੀ ਦਾ ਸੂਰਜ ਦੁਆਲੇ ਘੁੰਮਣਾ

ਉਹ ਸੁਣਦਾ ਹੈ
ਕਿਰਨਾਂ ਦੇ ਹਉਕੇ
ਧੁੱਪ ਦੀ ਰਾਗਨੀ
ਕਿਣ-ਮਿਣ ਦਾ ਰਾਗ
ਮੁਰਝਾਏ ਪੱਤਿਆਂ ਦੀ ਦਾਸਤਾਨ

ਜੇ ਪਈਆਂ ਹੁੰਦੀਆਂ ਕੀੜੀ ਦੇ ਪੈਰਾਂ 'ਚ ਝਾਂਜਰਾਂ
ਸੁਣ ਲੈਣੀ ਸੀ ਉਸਨੇ ਉਹਦੀ ਆਵਾਜ਼ ਵੀ
ਪਰ ਉਹ ਨਹੀਂ ਸੁਣਦਾ ਮੇਰੀ ਆਵਾਜ਼
ਜਿਸ ਵਿਚ ਦਰਦ ਹੈ
ਆਟੇ ਦੇ ਖ਼ਾਲੀ ਪੀਪੇ ਦਾ

**ਬੱਚਾ ਸੋਚਦਾ ਹੈ**

ਬੱਚੇ ਨੇ ਸੁਣਿਆ
ਰੱਬ ਨੂੰ ਨਾ ਖਾਣ ਦੀ ਨਾ ਪੀਣ ਦੀ
ਨਾ ਕਿਧਰੇ ਆਣ ਦੀ, ਨਾ ਜਾਣ ਦੀ
ਕਿਸੇ ਨੂੰ ਡਰਾਉਣ ਦੀ, ਕਿਸੇ ਤੋਂ ਡਰਨ ਦੀ
ਕੋਈ ਲੋੜ ਨਹੀਂ

ਬੱਚਾ—
ਰੱਬ ਨੂੰ ਮੁਖ਼ਾਤਿਬ ਹੁੰਦਾ
ਰੱਬ ਜੀ, ਮੈਨੂੰ ਰੱਬ ਬਣਾ ਦੇਵੋ
ਫੇਰ ਨਾ ਪੜ੍ਹਨ ਦੀ
ਨਾ ਭਾਰਾ ਬਸਤਾ ਚੁੱਕ ਸਕੂਲੇ ਜਾਣ ਦੀ
ਟੀਚਰਾਂ ਤੋਂ ਕੁੱਟ ਖਾਣ ਦੀ ਲੋੜ ਨਹੀਂ

ਰੱਬ ਜੀ...
ਮੈਨੂੰ ਵੀ ਰੱਬ ਬਣਾ ਦੇਵੋ

## ਉਹ ਸੋਚਦੀ ਹੈ

ਚਹਿਚਹਾ ਰਹੇ ਨੇ ਪੰਛੀ
ਮੰਡਰਾਅ ਰਹੀਆਂ ਨੇ ਤਿਤਲੀਆਂ
ਗੁਣਗੁਣਾ ਰਹੇ ਨੇ ਭੰਵਰੇ
ਅਸਮਾਨ 'ਤੇ ਛਾਏ ਹੋਏ ਬੱਦਲ
ਉਡਦੀਆਂ ਚੀਲਾਂ ਆਪਣੇ ਖੰਭ ਸਮੇਟੀ
ਕੱਢ ਰਹੀਆਂ ਨੇ ਚੱਕਰ

ਫੁੱਲਾਂ ਨਾਲ ਭਰੇ ਬਗੀਚੇ 'ਚ ਬੈਠਾ ਕਵੀ
ਬਣਾ ਰਿਹਾ ਹੈ ਮੂਡ ਕਵਿਤਾ ਲਿਖਣ ਦਾ
ਘਰ 'ਚ ਬੈਠੀ ਕਵੀ ਦੀ ਪਤਨੀ
ਸੋਚ ਰਹੀ ਹੈ...
ਬੱਚਿਆਂ ਦੀਆਂ ਨਿੱਕੀਆਂ ਨਿੱਕੀਆਂ ਲੋੜਾਂ ਦੇ
ਵੱਡੇ ਅਰਥਾਂ
ਜਵਾਨ ਹੋ ਗਈਆਂ ਧੀਆਂ
ਮਾਂ ਦੀ ਬਿਮਾਰੀ, ਬਾਪ ਦੀ ਲਾਚਾਰੀ
ਵਧ ਰਹੀ ਮਹਿੰਗਾਈ

ਸੋਚ ਰਹੀ ਹੈ
ਇਹ ਕਵਿਤਾ ਨਹੀਂ
ਜਿਸ ਨੂੰ ਉਹ ਉਤਾਰ ਲਏਗੀ ਕਾਗਜ਼ ਦੀ ਹਿੱਕ 'ਤੇ

## ਕੁੜੀਆਂ

ਨਿੱਕੇ ਨਿੱਕੇ ਪੈਰਾਂ ਨਾਲ ਕਦਮ ਕਦਮ ਤੁਰਦੀ
ਚੋਗ ਚੁਗਦੀ, ਟਹਿਣੀਆਂ 'ਤੇ ਬੈਠਦੀ ਗਾਉਂਦੀ
ਚਹਿਚਹਾਉਂਦੀ ਚਿੜੀ ਨਹੀਂ ਆਈ

ਚੋਗ ਖਿਲਰਿਆ ਹੋਇਆ
ਬਗੀਚਾ ਉਦਾਸ ਉਦਾਸ ਹੈ
ਮੇਰੀਆਂ ਨਜ਼ਰਾਂ ਲੱਭ ਰਹੀਆਂ ਨੇ
ਚਹਿਚਹਾਉਂਦੀ ਚਿੜੀ ਨੂੰ

ਉਦਾਸ ਨਜ਼ਰਾਂ
ਦੇਖ ਰਹੀਆਂ ਨੇ ਇਧਰ ਉਧਰ
ਦਰਖ਼ਤ 'ਤੇ ਬੈਠੇ ਕਾਂ
ਕਰ ਰਹੇ ਨੇ ਬੇਸੁਰੀ ਕਾਂ-ਕਾਂ
ਮੈਨੂੰ ਯਾਦ ਆ ਰਿਹਾ ਹੈ ਚਿੜੀ ਦਾ ਚਹਿਚਹਾਉਣਾ
ਮੇਰੀਆਂ ਨਜ਼ਰਾਂ ਲੱਭ ਰਹੀਆਂ ਨੇ ਚਿੜੀ ਨੂੰ
ਮੇਰੀ ਭਟਕਦੀ ਨਜ਼ਰ ਅਟਕ ਗਈ ਹੈ
ਇਕ ਕਿਆਰੀ ਦੇ ਕੋਲ
ਜਿਥੇ ਖਿਲਰੇ ਹੋਏ ਨੇ ਗੁਟਕਦੀ ਚਿੜੀ ਦੇ ਖੰਭ
ਚਿੜੀ, ਜਿਸ ਨੂੰ ਖਾ ਜਾਂਦੀ ਹੈ ਕਾਲੀ ਬਿੱਲੀ

**ਸਹਿਮਿਆ ਖ਼ਰਗੋਸ਼**

ਜਦੋਂ ਤੂੰ...
ਪਹਿਲੀ ਵੇਰ ਆਇਆ
ਮੱਸਿਆ ਦੀ ਰਾਤ 'ਚ ਚਮਕਦੇ
ਤਾਰਿਆਂ ਵਰਗੇ ਸ਼ਬਦ ਤੇਰੇ ਨਾਲ ਸਨ

ਤੇ ਅਰਥ
ਸਹਿਮੇ ਹੋਏ ਖ਼ਰਗੋਸ਼ ਵਾਂਗ
ਝਾੜੀਆਂ 'ਚ ਲੁਕ ਗਏ ਸਨ
ਤੂੰ ਜਾਣ ਲੱਗਿਆ
ਸੁਵਿਧਾ ਦੀਆਂ ਝਾੜੀਆਂ 'ਚ ਲੁਕੇ
ਸਹਿਮੇ ਖਰਗੋਸ਼ ਨੂੰ
ਕੰਨਾਂ ਤੋਂ ਫੜ੍ਹ ਕੇ ਲੈ ਗਿਆ

ਅਰਥਾਂ ਦਾ ਸਹਿਮਿਆ ਖ਼ਰਗੋਸ਼
ਤੇਰੇ ਨਾਲ ਤੁਰ ਤਾਂ ਗਿਆ ਹੈ
ਉਸ ਦੀਆਂ ਸਿਸਕੀਆਂ ਦੀ ਆਵਾਜ਼
ਮੇਰੇ ਕੰਨਾਂ ਦੀਆਂ ਸੂਖ਼ਮ
ਪਰਤਾਂ ਨਾਲ ਟਕਰਾ ਰਹੀ ਹੈ
ਰਿਸ਼ਤੇ ਦਾ ਇਕ ਨਵਾਂ ਅਰਥ
ਉਜਾਗਰ ਹੋ ਰਿਹਾ ਹੈ

## ਆਮ ਜਿਹਾ ਆਦਮੀ-1

ਮੈਂ ਆਮ ਜਿਹਾ ਆਦਮੀ ਹਾਂ
ਹਵਾ ਜਿਸ ਨੂੰ
ਘਰ ਤੋਂ ਸੜਕ ਤਕ ਲੈ ਜਾਂਦੀ ਹੈ
ਤੇ ਸੜਕ...
ਜੋ ਨਾ ਕਿਧਰੇ ਆਉਂਦੀ ਹੈ
ਨਾ ਜਾਂਦੀ ਹੈ
ਬਸ ਪੈਰਾਂ ਹੇਠ ਲਤਾੜੀ ਜਾਂਦੀ ਹੈ

ਮੈਂ
ਆਮ ਜਿਹਾ ਆਦਮੀ ਹਾਂ
ਜਿਸ ਦੀ ਬੇਬਸੀ ਫਿਲਮਾਈ ਜਾਂਦੀ ਹੈ
ਪੁਰਸਕਾਰ ਪਾ ਕੇ
ਆਰਟ ਫਿਲਮ ਕਹਿਲਾਈ ਜਾਂਦੀ ਹੈ

ਮੈਂ ਜੋ...
ਵਕਤ ਦੇ ਦਰਿਆ ਵਿਚ
ਲੂਣ ਵਾਂਗ ਖੁਰਦਾ ਜਾ ਰਿਹਾ ਹਾਂ
ਕਿਉਂਕਿ ਮੈਂ
ਆਮ ਜਿਹਾ ਆਦਮੀ ਹਾਂ

## ਆਮ ਜਿਹਾ ਆਦਮੀ-2

ਮੈਂ ਆਮ ਜਿਹਾ ਆਦਮੀ
ਸੋਚਦਾ ਹਾਂ
ਮੈਂ ਕਿਥੇ ਹਾਂ
ਕਿਤਾਬਾਂ ਵਿਚ
ਫ਼ਿਲਮਾਂ ਵਿਚ
ਦੂਰਦਰਸ਼ਨ 'ਤੇ ਦਿਖਾਏ ਜਾ ਰਹੇ
ਨਾਟਕਾਂ ਦੇ ਪਾਤਰਾਂ ਦੀ ਕਤਾਰ ਵਿਚ ?

ਮੈਂ ਆਮ ਜਿਹਾ ਆਦਮੀ
ਕਿਥੇ ਹਾਂ
ਸਦੀਆਂ ਦਾ ਅੰਤਰਾਲ
ਮੇਰੇ ਅੰਦਰ ਹੈ
ਆਪੇ ਦਾ ਸਰਾਪ ਹੰਢਾਉਂਦਾ
ਕਿਤਾਬਾਂ ਦੇ ਪੰਨਿਆਂ ਵਿਚੋਂ
ਕਥਾ ਕਹਾਣੀਆਂ ਵਿਚੋਂ
ਖੰਭਾਂ ਵਾਲੇ ਘੋੜੇ ਨੂੰ ਲੱਭਦਾ
ਆਪਣੇ ਪੈਰ ਗਵਾ ਆਉਂਦਾ ਹਾਂ

ਮੈਂ ਆਮ ਜਿਹਾ ਆਦਮੀ
ਅਕਸਰ ਭੁੱਲ ਜਾਂਦਾ ਹਾਂ ਕਿ ਜ਼ਿੰਦਗੀ
ਸੁਨਹਿਰੀ ਵਾਲਾਂ ਵਾਲੀ ਸੋਨ-ਪਰੀ ਨਹੀਂ ਹੁੰਦੀ
ਜਿਸ ਹੱਸਦੀ ਦੇ ਮੂੰਹੋਂ ਫੁੱਲ ਕਿਰਦੇ ਨੇ

ਆਪਣੇ ਜੀਣ ਦੇ ਅਰਥ ਤੋਂ ਅਣਜਾਣ
ਮੈਂ ਆਮ ਜਿਹਾ ਆਦਮੀ
ਸੋਚਦਾ ਹਾਂ...
ਹਵਾ, ਕਦੋਂ ਤਕ ਮੈਨੂੰ
ਇਕ ਸੜਕ ਤੋਂ ਦੂਜੀ 'ਤੇ ਲੈ ਜਾਏਗੀ
ਸੜਕ ਜੋ ਖ਼ੁਦ...
ਨਾ ਕਿਧਰੇ ਜਾਂਦੀ ਹੈ, ਨਾ ਆਉਂਦੀ ਹੈ
ਬਸ ਪੈਰਾਂ ਹੇਠ ਲਤਾੜੀ ਜਾਂਦੀ ਹੈ

## ਪਤੰਗ ਤੋਂ ਔਰਤ

ਉੱਡਦੀ ਪਤੰਗ ਦੇਖ ਕੇ ਮੇਰਾ ਜੀਅ ਕੀਤਾ
ਮੈਂ ਵੀ ਪਤੰਗ ਬਣ ਜਾਵਾਂ
ਵਿਚ ਆਕਾਸ਼ ਦੇ ਹੁਲਾਰੇ ਪਾਵਾਂ

ਹੁਣ ਖ਼ਿਆਲ ਆਇਆ
ਪਤੰਗ ਦੀ ਡੋਰ
ਕਿਸੇ ਦੇ ਹੱਥ ਹੋਵੇਗੀ
ਡੋਰ ਤੁੜਾਈ ਤਾਂ ਹਰ ਕੋਈ
ਲੁੱਟਣ ਲਈ ਤਿਆਰ ਹੋਵੇਗਾ

ਅਗਲੇ ਹੀ ਪਲ
ਮੈਂ ਬਣ ਜਾਂਦੀ ਹਾਂ
ਪਤੰਗ ਤੋਂ ਔਰਤ

## ਸਹਿਮ ਦਾ ਪਰਛਾਵਾਂ

ਉਸਨੇ ਸੁਣਿਆ…
ਸਮੁੰਦਰ ਬਹੁਤ ਖ਼ਤਰਨਾਕ ਹੁੰਦਾ ਹੈ
ਵੱਡੇ ਵੱਡੇ ਜਹਾਜ਼ਾਂ ਨੂੰ ਨਿਗਲ ਲੈਂਦਾ ਹੈ
ਤੇ ਉਹ ਸਾਰੀ ਉਮਰ ਤਰਦੀ ਰਹੀ
ਪਾਣੀ ਵਿਚ ਚੁਟਕੀ ਲੂਣ ਪਾਉਣ ਲੱਗਿਆਂ ਸਹਿਮ ਜਾਂਦੀ
ਫਿਰ ਉਹ ਸੀ ਜਿਸ ਕਦੇ
ਨਾ ਸਮੁੰਦਰ ਦੇਖਿਆ ਸੀ ਨਾ ਜਹਾਜ਼
ਬਸ ਸੁਣਿਆ ਸੀ
ਸਮੁੰਦਰ ਬਹੁਤ ਖ਼ਤਰਨਾਕ ਹੁੰਦਾ ਹੈ
ਉਹਦਾ ਜਿਸਮ ਬਲਦਾ ਰਿਹਾ
ਤੇ ਉਹ ਲੂਣੇ ਪਾਣੀ ਤੋਂ ਡਰਦੀ ਰਹੀ

ਫੇਰ ਉਸਨੇ ਸੁਣਿਆ
ਜੰਗਲ ਬਹੁਤ ਖ਼ਤਰਨਾਕ ਹੁੰਦੇ ਹਨ
ਇਥੋਂ ਦੇ ਜਾਨਵਰ ਬੰਦੇ ਨੂੰ ਖਾ ਜਾਂਦੇ ਨੇ
ਉਹ ਸਾਰੀ ਉਮਰ ਡਰਦੀ ਰਹੀ
ਗਮਲੇ 'ਚ ਉੱਗੇ ਕੈਕਟਸ ਨੂੰ ਦੇਖ ਕੇ
ਉਹਨੂੰ ਤਿੱਖੇ ਤਿੱਖੇ ਦੰਦਾਂ ਦਾ ਖ਼ਿਆਲ ਆ ਜਾਂਦਾ

ਫਿਰ ਓਹੀ ਔਰਤ ਸੀ
ਜਿਸ ਨਾ ਜੰਗਲ ਦੇਖਿਆ ਸੀ, ਨਾ ਜੰਗਲੀ ਜਾਨਵਰ
ਬਸ ਇਕ ਸਹਿਮ ਦਾ ਪਰਛਾਵਾਂ
ਆਪਣੇ ਅੰਦਰ ਲੁਕਾ ਰੱਖਿਆ ਸੀ

## ਵਾਪਸੀ

ਰੂਹ ਦੇ ਬਨੇਰੇ 'ਤੇ ਬੈਠ ਕੇ
ਉਹਦੀ ਸੋਚ ਦੇ ਛੋਟੇ ਕੱਦ
ਤੇ ਲੰਮ ਸਲੰਮੇ ਪਰਛਾਵੇਂ ਵੱਲ ਮੈਂ ਦੇਖਿਆ
ਚਾਨਣ ਨੂੰ ਡੀਕ ਲੈਣ ਦੀ ਸਾਜ਼ਿਸ਼
ਉਹਦੀਆਂ ਅੱਖਾਂ ਦੇ ਹਨੇਰੇ ਵਿਚ ਸੀ
ਆਪਣੀ ਰੂਹ ਦਾ ਚਾਨਣ
ਵਿਅਰਥ ਗਵਾ ਬੈਠਾ
ਮੈਨੂੰ ਕਬੂਲ ਨਹੀਂ ਸੀ
ਤੇ ਮੈਂ ਪਰਤ ਆਈ

ਹੁਣ...
ਆਪਣੀ ਰੂਹ ਦੇ ਬਨੇਰੇ 'ਤੇ ਬੈਠ ਕੇ
ਕਿਸੇ ਦੇ ਪਰਛਾਵੇਂ ਨੂੰ ਫੜ੍ਹਨ ਲਈ
ਮੈਂ ਹੱਥ ਨਹੀਂ ਵਧਾਉਂਦੀ
ਆਪਣੀ ਰੂਹ ਸੰਗ ਬਾਤਾਂ ਪਾਉਂਦੀ
ਸ੍ਵੈ-ਸੰਵਾਦ ਰਚਾਉਂਦਾ
ਚੇਤਨਾ ਦੀ ਖਿੜਕੀ ਖੋਲ੍ਹ ਕੇ
ਆਕਾਸ਼ ਨੂੰ ਨਿਹਾਰਦਾ
ਮੈਨੂੰ ਚੰਗਾ ਲਗਦਾ ਹੈ

## ਸਹੇਲੀਆਂ

ਜੀ ਕਰਦਾ
ਪਿਪਲੀ ਪੀਂਘਾਂ ਪਾਈਏ
ਆਪਣੇ ਗੁਲਮੋਹਰ ਦੀ ਛਾਵੇਂ ਬੈਠ
ਗੀਤ ਗਾਈਏ
ਮਨ ਉਦਾਸ ਹੋਵੇ ਤਾਂ
ਇਕ ਦੂਜੀ ਦੇ ਗਲੇ ਮਿਲ ਕੇ
ਅੱਥਰੂ ਵਹਾਈਏ
ਦਿਲ ਤਾਂ ਬਹੁਤ ਕਰਦਾ

ਪਰ...
ਸਾਡੇ ਤੰਗ ਵਿਹੜਿਆਂ ਵਿਚ
ਮੁਹੱਬਤ ਦਾ ਗੁਲਮੋਹਰ ਨਹੀਂ
ਚੁੱਪ ਜ਼ਬਾਨ ਨਾਲ ਗਲੇ ਮਿਲਦਿਆਂ
ਹਓਕੇ ਭਰਦਿਆਂ
ਯਾਦਾਂ ਦੀ ਡਾਇਰੀ ਫਰੋਲਦਿਆਂ
ਸ਼ਾਇਦ...
ਬੀਤੇ ਪਲ ਪਰਤ ਆਉਣ

ਕਾਸ਼!
ਮਜਬੂਰੀਆਂ ਨੂੰ ਉਹ
ਮੈਲੇ ਵਸਤਰਾਂ ਵਾਂਗ
ਗਲੋਂ ਲਾਹ ਕੇ, ਧੋ ਬਣਾ ਕੇ
ਮੁੜ ਆ ਸਕਦੀਆਂ

## ਤਿਤਲੀ ਦੇ ਪਰਾਂ 'ਤੇ

ਉਹ ਜੋ ਸੋਚਦੀ ਸੀ
ਤਿਤਲੀ ਦੇ ਪਰਾਂ 'ਤੇ ਬੈਠ ਕੇ
ਅਸਮਾਨ ਛੂਹ ਲਵੇਗੀ
ਕੋਇਲ ਦਾ ਗੀਤ ਸੁਣ
ਉਸ ਇਕ ਖ਼ਤ ਲਿਖਿਆ
ਤੇ ਸੋਚਿਆ...
ਭਾਵਨਾਵਾਂ ਦਾ ਗੁਟਕਦਾ ਚੀਨਾ ਕਬੂਤਰ
ਉਹਦਾ ਖ਼ਤ ਲੈ ਜਾਏਗਾ
ਤੇ ਚੁੱਪ ਚੁਪੀਤੇ ਰੱਖ ਦੇਵੇਗਾ
ਮਹਿਬੂਬ ਦੀ ਮਖਮਲੀ ਤਲੀ 'ਤੇ

ਇਹ ਸੋਚਦਿਆ...
ਉਹ ਭੁੱਲ ਗਈ ਸੀ
ਕਿ ਤਿਤਲੀ ਦੇ ਪਰਾਂ 'ਤੇ ਬੈਠ ਕੇ
ਅਸਮਾਨ 'ਤੇ ਉਡਾਰੀਆਂ
ਨਹੀਂ ਮਾਰੀਆਂ ਜਾਂਦੀਆਂ

## ਇਕ ਪਲ

ਇਕ ਪਲ ਵਿਚ
ਮਨੁੱਖ ਕੀ ਨਹੀਂ ਕਰ ਸਕਦਾ
ਉਹ ਜੀਅ ਸਕਦਾ, ਮਰ ਸਕਦਾ ਹੈ
ਇਕ ਪਲ ਲਗਦਾ ਹੈ
ਕੁਝ ਪਾਉਣ ਵਿਚ, ਕੁਝ ਗੁਆਉਣ ਵਿਚ

ਅਕਸਰ...
ਮੈਂ ਉਸ ਕਵਿਤਾ ਜਿਹੇ ਪਲ ਦੇ
ਸਨਮੁਖ ਹੋਣ ਤੋਂ ਡਰਦਿਆਂ
ਟੀ.ਵੀ. ਔਨ ਕਰਕੇ
ਇਤਮਿਨਾਨ ਨਾਲ ਦੇਖਦਾ ਹਾਂ
ਮਾਰਧਾੜ ਦੀਆਂ ਫ਼ਿਲਮਾਂ
ਅਸ਼ਲੀਲ ਨਾਚ
ਤੇ ਸਭਿਅਤਾ ਦਾ ਰੇਪ

ਇਕ ਪਲ...
ਜੋ ਬਣਦਾ ਸੀ ਇਤਿਹਾਸ
ਅਕਸਰ ਸੁੱਤਾ ਰਹਿੰਦਾ ਹੈ
ਡਾਇਰੀ ਦੇ ਬੰਦ ਪੰਨਿਆਂ ਵਿਚ
ਹਵਾ ਚਲਦੀ ਹੈ
ਪਰਛਾਵੇਂ ਤੇਜ਼ੀ ਨਾਲ ਘੁੰਮਦੇ ਹਨ
ਪੱਖੇ ਨਾਲ ਟਕਰਾਅ ਕੇ ਡਿੱਗੇ
ਲਹੂ ਲੁਹਾਨ ਕਬੂਤਰ ਵਾਂਗ ਫੜਫੜਾਉਂਦੇ ਹਨ

ਇਕ ਪੀੜ ਤਾਰ ਤਾਰ ਹੋ ਕੇ
ਖਿੱਲਰ ਜਾਂਦੀ ਹੈ

ਉਸ ਪਲ ਮਹਿਸੂਸ ਹੁੰਦਾ ਹੈ
ਕੁਝ ਪਲ ਨਾ ਦਸਤਕ ਦੇਂਦੇ ਨੇ
ਨਾ ਕੁੰਡਾ ਖੜਕਾਉਂਦੇ ਨੇ
ਨਾ ਕਦਮਾਂ ਦੀ ਆਹਟ ਹੁੰਦੀ ਹੈ
ਬਸ ਅਛੋਪਲੇ ਜਿਹੇ ਆ ਕੇ
ਬੈਠ ਜਾਂਦੇ ਨੇ ਮਨ ਦੀ ਟਹਿਣੀ 'ਤੇ

**ਵਿਸ਼ਵਾਸ**

ਕਦੇ...
ਮੇਰੇ ਪੈਰਾਂ ਹੇਠ ਧਰਤੀ ਜਿੱਡਾ ਵਿਸ਼ਵਾਸ ਸੀ
ਅੱਖਾਂ 'ਚ ਸਮੁੰਦਰ ਦੀ ਗਹਿਰਾਈ
ਬਾਹਵਾਂ ਵਿਚ ਅਕਾਸ਼ ਦੀ ਵਿਸ਼ਾਲਤਾ ਸੀ

ਮੈਂ...
ਵਿਸ਼ਵਾਸ ਦੀ ਏਸ ਧਰਤੀ 'ਤੇ ਵਿਚਰਦੀ
ਭੁੱਲ ਗਈ ਸੀ
ਵਿਸ਼ਵਾਸ ਦੀ ਸਰਦਲ ਤੋਂ ਬਾਹਰ
ਲੋਹੇ ਦੇ ਹੱਥ ਸਨ
ਜੋ...ਚਿਹਰੇ 'ਤੇ ਖਿੜੇ ਗੁਲਾਬ ਨੂੰ
ਅੱਖਾਂ 'ਚ ਵਸਦੀ ਸਮੁੰਦਰ ਜਿਹੀ ਗਹਿਰਾਈ ਨੂੰ
ਬਾਹਵਾਂ 'ਚ ਸਿਮਟੀ ਆਕਾਸ਼ ਦੀ ਵਿਸ਼ਾਲਤਾ ਨੂੰ
ਮਸਲਣ ਲਈ ਵਧ ਰਹੇ ਸਨ

ਤੇ...
ਮੇਰੇ ਪੈਰਾਂ ਹੇਠ ਜੋ
ਧਰਤੀ ਜਿੱਡਾ ਵਿਸ਼ਵਾਸ ਸੀ
ਧਰਤੀ ਦੀ ਹਿੱਕ 'ਤੇ ਬਣੀ
ਕਬਰ 'ਚ ਦਫ਼ਨ ਹੋ ਗਿਆ

## ਰਾਵਣ ਮਰਿਆ ਨਹੀਂ

ਰਾਵਣ ਦੀ ਮੌਤ ਦਾ ਰੌਲਾ ਸੁਣ ਕੇ
ਕੰਧ 'ਤੇ ਟੰਗੀ ਪੇਂਟਿੰਗ ਵਿਚਲੀ ਨਦੀ
ਕਾਹਲੇ ਕਦਮੀਂ ਸਾਗਰ ਵੱਲ ਚੱਲਣ ਲੱਗੀ
ਕਿੱਕਰ ਦੀਆਂ ਕੰਡਿਆਲੀਆਂ ਬਾਹਵਾਂ
ਝੂਮ ਝੂਮ ਕੇ ਨੱਚਣ ਲੱਗੀਆਂ
ਪੇਂਟਿੰਗ ਵਿਚਲੇ ਟਿੱਬੇ ਦੀ ਰੇਤ ਚਮਕੀ
ਮੇਰੀਆਂ ਅੱਖਾਂ ਸਾਹਮਣੇ
ਚਾਂਦੀ ਦਾ ਸਮੁੰਦਰ ਫੈਲ ਗਿਆ
ਨਦੀ...
ਜੰਗਲ...
ਬੇਲੇ...
ਕਲਸ਼ 'ਤੇ ਬੈਠਾ ਕਬੂਤਰ
ਪਿੱਪਲ 'ਤੇ ਬੈਠੀਆਂ ਚਿੜੀਆਂ

ਸਭ ਦੁਹਰਾਉਣ ਲੱਗੇ
ਰਾਵਣ ਮਰ ਗਿਆ
ਮਰ ਗਿਆ ਰਾਵਣ...
ਮਰ ਗਿਆ...ਮਰ ਗਿਆ...ਮਰ ਗਿਆ

ਚੁੱਪ! ਸ਼ੋਰ ਨਾ ਮਚਾਓ!
ਮੇਰੀ ਮੌਤ ਦਾ ਜਸ਼ਨ ਨਾ ਮਨਾਓ
ਰਾਵਣ ਨੇ ਝਿੜਕਿਆ
ਮੈਂ ਮਰਿਆ ਨਹੀਂ

ਮਰਦਾ ਨਹੀਂ ਹਾਂ ਮੈਂ
ਮੈਂ ਹਾਂ...ਹਾਂ ਮੈਂ...

ਨਦੀ ਕਿਨਾਰਿਆਂ 'ਚ ਸਿਮਟ ਗਈ
ਕਬੂਤਰ ਕਲਸ਼ 'ਤੇ ਬੈਠ ਗਰਦਨ ਖੁਜਲਾਉਣ ਲੱਗਾ
ਕਿੱਕਰ ਨਟਰਾਜ ਵਾਂਗ
ਇਕ ਲੱਤ ਦੇ ਭਾਰ ਖਲੋ ਗਿਆ
ਪਿੱਪਲ ਦੇ ਸਿੰਘਾਸਣ 'ਤੇ ਬੈਠੀਆਂ ਚਿੜੀਆਂ
ਪੇਂਟਿੰਗ ਵਿਚ ਸਿਮਟ ਗਈਆਂ
ਸਭ ਮੇਰੇ ਵੱਲ ਤੱਕਣ ਲੱਗੇ
ਅਹਿਲ...ਅਡੋਲ...ਅਭਿੱਜ

ਮੇਰੇ ਅੰਦਰਲੇ ਰਾਵਣ ਵੱਲ ਦੇਖਣ ਲੱਗੇ
ਅੰਨ੍ਹੇ...ਗੂੰਗੇ...ਬੋਲੇ

ਤੇ ਮੈਂ...
ਇਤਮਿਨਾਨ ਨਾਲ ਦੁਸਹਿਰੇ ਦਾ
ਜਸ਼ਨ ਮਨਾਉਣ ਲੱਗਾ

## ਸਰਪਟ ਦੌੜਦਾ ਘੋੜਾ

ਹਰ ਪਲ ਵਾਪਰਦੇ ਹਾਦਸਿਆਂ ਤੋਂ
ਸਹਿਮ ਕੇ ਸਲੇਟੀ ਸੜਕਾਂ 'ਤੇ
ਬਿਨਾਂ ਬਰੇਕ ਦੀ ਗੱਡੀ ਵਾਂਗ
ਮੈਂ ਦੌੜਨਾ ਚਾਹੁੰਦੀ ਹਾਂ

ਸਰਪਟ ਦੌੜਦੇ ਘੋੜੇ ਵਾਂਗ
ਜੰਗਲ ਵੱਲ ਦੌੜਨ ਦੀ
ਯੋਜਨਾ ਬਣਾਉਂਦੀ ਹਾਂ

ਮੇਰਾ ਅਸਤਿਤਵ...
ਜੰਗਲੀ ਘੋੜਾ ਹੋਣੋਂ ਇਨਕਾਰੀ ਹੈ
ਮੇਰੀਆਂ ਅੱਖਾਂ ਵਿਚ ਜੰਗਲ ਨਹੀਂ
ਸ਼ਹਿਰੀ ਤਿਤਲੀਆਂ ਮੰਡਰਾਉਂਦੀਆਂ ਹਨ
ਮੈਂ ਸੁਵਿਧਾ ਦੀ ਖੁੱਡ 'ਚ ਬੈਠ ਕੇ
ਸਿਧਾਂਤਾਂ ਨੂੰ ਕੁਤਰਦੀ
ਸੋਚਦੀ ਹਾਂ
ਮੇਰਾ ਅਸਤਿਤਵ
ਸਰਪਟ ਦੌੜਦੇ ਘੋੜੇ ਤੋਂ
ਚੂਹਾ ਕਿਵੇਂ ਬਣ ਗਿਆ ?

## ਪਥ-ਪ੍ਰਦਰਸ਼ਕ

ਕਾਰਨਸ 'ਤੇ ਸਜੇ ਪਲਾਸਟਿਕ ਦੇ ਬਾਂਦਰਾਂ ਨੂੰ
ਘੁਸਰ ਫੁਸਰ ਕਰਦਿਆਂ ਦੇਖ
ਕਵੀ ਨੇ ਝਿੜਕਿਆ
ਓਮ ਸ਼ਾਂਤੀ! ਸ਼ਾਂਤੀ...
ਮੇਰੀ ਸਿਰਜਣ ਪ੍ਰਕਿਰਿਆ ਵਿਚ ਵਿਘਨ ਨਾ ਪਾਵੋ
ਬਾਪੂ ਦੇ ਬਾਂਦਰ ਹੋ
ਬੁਰਾ ਨਾ ਦੇਖੋ
ਨਾ ਬੋਲੋ
ਨਾ ਸੁਣੋ
ਸੁੰਨ ਸਮਾਧੀ ਲਾਈ ਬੈਠੇ ਰਹੋ
ਅਹਿਲ...ਅਡੋਲ...ਅਭਿੱਜ

ਵਾਹ ਜੀ...! ਵਾਹ!
ਬਾਂਦਰ ਬੋਲੇ
ਇਹ ਸਾਰੇ ਅੰਕੁਸ਼ ਸਾਡੇ ਲਈ ਕਿਉਂ
ਸਾਡੇ ਪਥ-ਪ੍ਰਦਰਸ਼ਕ
ਆਪਣਾ ਦੀਨ, ਆਪਣਾ ਈਮਾਨ
ਝੱਟ ਬਦਲ ਲੈਂਦੇ ਨੇ
ਅਸੀਂ ਤੇਰੀ ਕਾਰਨਸ 'ਤੇ ਬੈਠੇ
ਆਪਣਾ ਪੋਜ਼ ਵੀ ਨਹੀਂ ਬਦਲ ਸਕਦੇ

## ਨਿਰਵਾਣ-1

ਤੁਸਾਂ ਇਹ ਕਿਵੇਂ ਜਾਣ ਲਿਆ
ਕਿ ਜੋ ਤੁਸਾਂ ਲਈ ਵਿਅਰਥ ਸੀ
ਮੇਰੇ ਲਈ ਉਸਦਾ ਅਰਥ ਸੀ

ਜੋ ਵਿਅਰਥ ਸੀ
ਉਹ ਮੇਰੇ ਲਈ ਕਿਉਂ
ਜਿਸਦਾ ਤੁਹਾਡੇ ਲਈ ਅਰਥ ਸੀ
ਉਹ ਮੇਰੇ ਲਈ ਕਿਉਂ ਨਹੀਂ ਸੀ

ਬੁੱਧ...
ਯਸ਼ੋਧਰਾ ਦੇ ਇਹਨਾਂ ਪ੍ਰਸ਼ਨਾਂ ਤੋਂ ਡਰਦਾ
ਨਿਰਵਾਨ ਦੀ ਤਲਾਸ਼ ਵਿਚ
ਉਹਨੂੰ ਸੁੱਤੀ ਨੂੰ ਛੱਡ
ਜੰਗਲਾਂ ਨੂੰ ਤੁਰ ਗਿਆ

## ਨਿਰਵਾਣ-2

ਤੁਸਾਂ ਜੋ ਜੰਗਲਾਂ 'ਚ ਜਾ ਕੇ ਪਾਇਆ
ਕੀ ਉਹ ਘਰ 'ਚ ਨਹੀਂ ਸੀ
ਨਿਰਵਾਣ ਢੂੰਡਣ ਗਏ
ਮੋਕਸ਼ ਪ੍ਰਾਪਤ ਕਰਕੇ ਪਰਤੇ
ਗੌਤਮ ਤੋਂ ਯਸ਼ੋਧਰਾ ਨੇ ਪੁੱਛਿਆ

ਬੁੱਧ...
ਉਸਦੇ ਏਸ ਭੋਲੇ ਜਿਹੇ ਪ੍ਰਸ਼ਨ ਦੇ
ਜੰਗਲ ਵਿਚ ਗਵਾਚ ਗਏ
ਉਹ ਕਹੇ ਤਾਂ ਕਿਵੇਂ ਕਹੇ
ਕਿ ਜੰਗਲ ਤਾਂ...
ਯਸ਼ੋਧਰਾ ਦੀਆਂ ਉਨੀਂਦੀਆਂ ਰਾਤਾਂ ਵਿਚ ਸੀ
ਨਿਰਵਾਣ ਉਹਦੀਆਂ ਅੱਖਾਂ ਵਿਚ
ਤੇ ਤਿਆਗ ਉਹਦੇ ਪੈਰਾਂ ਦੀਆਂ ਤਲੀਆਂ ਵਿਚ ਸੀ

ਬੁੱਧ ਚੁੱਪ ਸੀ
ਨਿਰਵਾਣ ਖ਼ਾਮੋਸ਼ ਸੀ
ਮੋਕਸ਼ ਪ੍ਰਸ਼ਨ ਚਿੰਨ੍ਹ ਬਣ ਕੇ
ਹਵਾ ਵਿਚ ਲਟਕ ਰਿਹਾ ਸੀ

## ਸੰਸਕਾਰ

ਮੇਰੀ ਮਾਂ ਦੇ ਹੋਠਾਂ 'ਤੇ ਇਕ ਗੀਤ ਸੀ
ਮੇਰੀ ਧੀ ਦੇ ਹੋਠਾਂ 'ਤੇ ਇਕ ਗੀਤ ਹੈ
ਮੈਂ ਚੁੱਪ ਹਾਂ

ਮੇਰੀ ਮਾਂ ਦੀਆਂ ਲੋਰੀਆਂ ਵਿਚ
ਉਹਦੇ ਗੀਤਾਂ ਵਿਚ
ਮੇਰੀ ਸੁਖੀ ਗ੍ਰਹਿਸਤੀ ਲਈ
ਚਾਰ ਦੀਵਾਰੀ ਦੇ ਪ੍ਰਮੇਸ਼ਰ ਲਈ
ਉਹਦੇ ਇਰਦ ਗਿਰਦ ਵਿਚਰਦੇ ਰਿਸ਼ਤਿਆਂ ਲਈ
ਮੇਰੇ ਕਰਤਵਾਂ ਦਾ ਵਿਸਤਾਰ ਹੈ
ਜਿਨ੍ਹਾਂ ਤੋਂ ਮਿਲੀ ਪ੍ਰਸੰਸਾ ਦਾ ਲੇਬਲ ਲਾ ਕੇ
ਉਹਦਾ ਸਿਰ ਉੱਚਾ ਹੋਣਾ ਹੈ

ਮਾਂ ਦਾ ਸਿਰ ਉੱਚਾ ਕਰਨ ਲਈ
ਮੈਨੂੰ ਰੋਟੀ ਦੀ ਥਾਂ ਤੰਦੂਰ 'ਚ ਪਕਣਾ ਪਿਆ
ਉਹਦੇ ਗੀਤਾਂ ਦਾ ਅਰਥ ਜਾਨਣ ਲਈ
ਮੈਨੂੰ ਆਪਣਾ ਅਰਥ ਗੁਆਉਣਾ ਪਿਆ

ਹੁਣ ਮੇਰੀ ਧੀ ਦੇ ਹੋਠਾਂ 'ਤੇ ਗੀਤ ਹੈ
ਸਭ ਚਾਹੁੰਦੇ ਨੇ ਮੈਂ ਉਹਦੇ ਗੀਤਾਂ ਦੀ
ਸੁਰ...ਲੈਅ...ਤਾਲ ਬਣਾਂ

ਮਾਂ ਕੋਈ ਗੀਤ ਸਿਖਾ
ਉਹਦੀ ਸਹਿਜ ਸੁਭਾਵਕਤਾ ਗੀਤ ਗਾਉਣਾ ਚਾਹੁੰਦੀ ਹੈ
ਉਹ ਨਹੀਂ ਜਾਣਦੀ ਕਿ ਦਿਲ 'ਚ ਆਇਆ ਗੀਤ

ਹੋਠਾਂ 'ਤੇ ਨਹੀਂ ਲਿਆਇਆ ਜਾਂਦਾ
ਜੇ ਆ ਜਾਵੇ ਤਾਂ ਹਰ ਕੋਈ ਉਹਦੀ ਭਾਸ਼ਾ ਨਹੀਂ ਸਮਝਦਾ
ਜੇ ਕੋਈ ਸਮਝ ਜਾਵੇ ਤਾਂ ਉਹ
ਗੂੰਗਾ ਬਣ ਜਾਂਦਾ ਹੈ ਜਾਂ ਬੋਲਾ
ਤੇ ਭੁੱਲ ਜਾਂਦਾ ਹੈ ਕਿ
ਮਿੱਟੀ ਤਪ ਕੇ ਇੱਟ ਬਣਦੀ ਹੈ
ਤੇ ਰੇਤ ਸੀਮੈਂਟ ਨਾਲ ਜੁੜ ਕੇ ਦੀਵਾਰ

ਮੈਂ ਨਹੀਂ ਚਾਹੁੰਦੀ
ਉਹ ਮੇਰਾ ਸਿਖਾਇਆ ਗੀਤ ਗਾਏ
ਤੇ ਰੋਟੀ ਦੀ ਥਾਂ
ਸੰਸਕਾਰਾਂ ਦੇ ਤੰਦੂਰ ਵਿਚ ਝੁਲਸੀ ਜਾਏ

## ਉਮਰਾਂ ਦਾ ਦਰਦ

ਵਰ੍ਹਿਆਂ ਦੀ ਧੂੜ ਝਾੜ ਕੇ
ਹੈਂਗਰ ਦੀ ਸੂਲੀ ਤੋਂ ਉਤਾਰ ਕੇ
ਜਦੋਂ ਮੈਂ
ਉਸ ਰਾਣੀ ਰੰਗ ਦੀ ਸਾੜ੍ਹੀ ਨੂੰ ਨਿਹਾਰਿਆ
ਮੇਰਾ ਜੀਅ ਕੀਤਾ
ਇਸ ਨੂੰ ਤਨ ਨਾਲ ਲਾ ਕੇ ਸ਼ਿੰਗਾਰ ਕਰਾਂ
ਪੁੜਪੁੜੀਆਂ 'ਚ ਚਮਕਦੀ ਚਾਂਦੀ ਦੇਖ ਕੇ
ਮੇਰੀ ਰੀਝ ਪਰਤ ਆਈ
ਭਲਾ ਇਹ ਵੀ ਕੋਈ ਉਮਰ ਹੈ
ਸੁੱਚੇ ਤਿੱਲੇ ਦੀ ਏਨੀ ਸ਼ੋਖ਼ ਸਾੜ੍ਹੀ ਪਾਉਣ ਦੀ ?
–o–
ਮੁੜ ਹੈਂਗਰ 'ਤੇ ਲਟਕਾਉਣ ਦੀ ਥਾਂ
ਸੂਟਕੇਸ ਵਿਚ ਲਪੇਟ ਕੇ ਰੱਖਣ ਲੱਗਿਆਂ
ਮੈਨੂੰ ਲੱਗਿਆ
ਕੁਝ ਅਣਜੀਵਿਆ ਮਰ ਗਿਆ ਸੀ
ਜੋ ਵਰ੍ਹਿਆਂ ਦੀ ਕੈਦ ਭੋਗਦਾ
ਹੈਂਗਰ ਦੀ ਸੂਲੀ 'ਤੇ ਲਟਕਦਾ
ਜਿਸਦਾ ਸੁੱਚਾ ਤਿੱਲਾ
ਕਾਲਾ ਨਹੀਂ ਸੀ ਹੋਇਆ
–o–
ਸੂਟਕੇਸ ਦੇ ਮਕਬਰੇ ਵਿਚ
ਦਫ਼ਨ ਕਰਨ ਤੋਂ ਪਹਿਲਾਂ

ਉਹ ਸਾੜੀ ਮੈਂ ਆਪਣੀ
ਧੀ ਨੂੰ ਦਿਖਾਈ
ਇਹਦਾ ਸੂਟ ਹੀ ਸਵਾ ਲੈ
ਕੱਟ ਛਾਂਟ ਕੇ ਆਪਣੇ ਹਾਣ ਦੀ ਬਣਾ ਲੈ

ਨਹੀਂ ਮੰਮੀ! ਏਨੀ ਸੋਹਣੀ ਸਾੜੀ ਏ
ਮੈਂ ਪਾਵਾਂਗੀ
ਆਪਣੇ ਦਾਜ ਵਿਚ ਲਿਜਾਵਾਂਗੀ

ਮੈਨੂੰ ਪਤਾ ਹੈ
ਰਸਮਾਂ ਰਿਵਾਜ਼ਾਂ ਦੇ ਸ਼ੀਸ਼ੇ 'ਚੋਂ ਦੇਖ ਕੇ
ਉਹ ਜ਼ਰੂਰ ਸੋਚੇਗੀ
ਅੱਜ ਕੱਲ੍ਹ ਇਸਦਾ ਰਿਵਾਜ਼ ਨਹੀਂ
ਸਾੜੀਆਂ ਦੇ ਵੀ ਰਿਵਾਜ਼ ਬਦਲਦੇ ਨੇ
ਇਨਸਾਨਾਂ ਦੀ ਫ਼ਿਤਰਤ ਵਾਂਗ
-o-
ਮੈਂ ਵੀ ਕਦੇ ਇੰਜ ਹੀ ਆਖਿਆ ਸੀ
ਮੇਰੀ ਮਾਂ ਦੇ ਦਾਜ ਵਿਚ
ਇਕ ਸੁੱਚੇ ਤਿੱਲੇ ਦੀ ਓੜਨੀ ਸੀ
ਜਿਸ ਨੂੰ ਉਹ ਵੇਚ ਕੇ
ਝੂਠਾ ਜੋੜਾ ਬਣਾ ਲਿਆਈ ਸੀ
ਇੰਜ ਉਸਨੇ ਘਰ ਵੀ ਬਚਾਇਆ ਸੀ
ਖਾਨਦਾਨ ਵਿਚ ਆਪਣੀ ਅਕਲਮੰਦੀ ਦਾ
ਸਿੱਕਾ ਵੀ ਚਮਕਾਇਆ ਸੀ
-o-

ਭਾਵੇਂ ਉਹ ਸੁੱਚਾ ਤਿੱਲਾ ਵੇਚ ਕੇ
ਝੂਠ ਖਰੀਦ ਲਿਆਈ ਸੀ
ਫੇਰ ਵੀ ਕਿਸੇ ਨੇ ਏਸ ਨੂੰ
ਘਾਟੇ ਦਾ ਸੌਦਾ ਨਹੀਂ ਸੀ ਕਿਹਾ
ਇਹ ਤਾਂ ਕੇਵਲ ਉਹ ਹੀ ਜਾਣਦਾ ਹੈ
ਜੋ ਰੂਹ ਦਾ ਸੱਚ ਛੱਡ ਕੇ
ਝੂਠ ਗਲ ਪਾਉਂਦਾ
ਤੇ ਉਮਰਾਂ ਦਾ ਦਰਦ ਹੰਢਾਉਂਦਾ

## ਕੰਧਾਂ ’ਤੇ ਉੱਕਰੇ ਨਿਸ਼ਾਨ

ਕੱਚੀਆਂ ਕੰਧਾਂ ’ਤੇ ਉੱਕਰੀਆਂ
ਉੱਡਣ ਉੱਡਣ ਕਰਦੀਆਂ
ਰੰਗ-ਬਰੰਗੀਆਂ ਚਿੜੀਆਂ
ਲਾਲ ਗਾਨੀ ਵਾਲੇ ਹਰੇ ਤੋਤੇ
ਗੁਟਕਦੇ ਚੀਨੇ ਕਬੂਤਰ
ਹੱਥ ਫੜ੍ਹੀ ਖਲੋਤੇ ਗੁੱਡੇ ਗੁੱਡੀਆਂ
ਕੱਚੀਆਂ ਕੰਧਾਂ ’ਤੇ
ਪੱਕੇ ਰੰਗ ਦੇ ਜਨੌਰ
ਕੁਝ ਉਲੀਕੇ ਸਨ ਮਾਂ ਨੇ
ਕੁਝ ਦਾਦੀ ਨੇ ਕੁਝ ਪੜਦਾਦੀ ਨੇ

ਮਾਂ ਜਦੋਂ ਆਪਣੀ ਮਾਂ ਦੇ ਘਰੋਂ ਆਈ ਸੀ
ਕਈ ਸੱਧਰਾਂ ਨਾਲ ਬੰਨ੍ਹ ਲਿਆਈ ਸੀ
ਕੰਧਾਂ ’ਚ ਸਿਮਟੀ ਉਹ ਸਾਰੀ ਉਮਰ
ਕੰਧਾਂ ’ਤੇ ਉਡਦੇ ਪੰਛੀ ਉਲੀਕਦੀ ਰਹੀ
ਉਹਦੇ ਪੰਛੀ ਉਹਦੇ ਵਰਗੇ ਸਨ
ਪਰ ਹੁੰਦਿਆਂ ਬੇਪਰੇ

ਪਤਾ ਨਹੀਂ...
ਕੰਧਾਂ ’ਤੇ ਉਲੀਕੇ ਪੰਛੀ ਮਾਂ ਜਿਹੇ ਸਨ
ਜਾਂ ਮਾਂ ਉਹਨਾਂ ਪੰਛੀਆਂ ਵਰਗੀ ਸੀ

ਪਤਾ ਨਹੀਂ ਕਿਉਂ
ਇਕ ਦਿਨ ਮਾਂ ਨੇ ਲਾਲ ਰੰਗ ਘੋਲਿਆ

ਆਪਣੇ ਹੱਥਾਂ ਨੂੰ ਡੋਬਿਆ
ਤੇ ਕੰਧ 'ਤੇ ਨਿਸ਼ਾਨ ਲਾ ਦਿੱਤਾ
ਲਾਲ ਸੂਹੇ ਹੱਥ
ਮਾਂ ਦੇ ਹੱਥ
ਇਕ ਔਰਤ ਦੇ ਹੱਥ

ਮਾਂ ਵੱਲ ਦੇਖ ਕੇ
ਧੀ ਨੇ ਆਪਣੇ ਹੱਥਾਂ ਨੂੰ
ਉਸੇ ਰੰਗ 'ਚ ਡੋਬ ਕੇ
ਮਾਂ ਦੇ ਹੱਥਾਂ ਹੇਠ ਆਪਣੇ
ਹੱਥਾਂ ਦੇ ਨਿਸ਼ਾਨ ਲਗੀ ਦੇ ਹੱਥ
ਮਾਂ ਨੇ ਫੜ ਲਏ

ਕੰਧਾਂ 'ਤੇ ਉੱਡਣ ਉੱਡਣ ਕਰਦੀਆਂ ਚਿੜੀਆਂ
ਲਾਲ ਗਾਨੀ ਵਾਲੇ ਹਰੇ ਤੋਤੇ
ਗੁਟਕਦੇ ਚੀਨੇ ਕਬੂਤਰ ਨੇ ਖੰਭ ਫੜਫੜਾਏ
ਤੇ ਉਡਾਰੀ ਮਾਰ ਗਏ
ਕੱਚੀ ਕੰਧ 'ਤੇ ਉਕਰੇ
ਗੁੱਡੀਆਂ ਗੁੱਡੇ
ਨੱਚਣ ਲੱਗੇ

## ਕਿੱਟੀ ਪਾਰਟੀ

ਕਿੱਟੀ ਪਾਰਟੀ 'ਤੇ
ਹੱਸ ਰਹੀਆਂ ਨੇ ਅਮੀਰ ਔਰਤਾਂ
ਕਿਉਂਕਿ ਰੋਣਾ ਬਹੁਤ ਮੁਸ਼ਕਿਲ ਹੈ
ਰੋਣ ਨਾਲ ਵਹਿ ਜਾਏਗਾ
ਅੱਖਾਂ ਦਾ ਕੱਜਲ
ਗੱਲ੍ਹਾਂ ਦੀ ਸੁਰਖੀ
ਚਿਹਰੇ 'ਤੇ ਚੜ੍ਹੀ ਪਾਊਡਰ ਦੀ ਪਰਤ
ਤੇ ਉਹ ਹੱਸ ਰਹੀਆਂ ਨੇ
ਕਿਉਂਕਿ ਰੋਣਾ ਬਹੁਤ ਮੁਸ਼ਕਿਲ ਹੈ

ਰੋਣ ਨਾਲ ਉਧੜ ਜਾਂਦੇ ਨੇ
ਅੰਦਰਲੇ ਜ਼ਖ਼ਮਾਂ ਦਾ ਟਾਂਕੇ
ਜੀਣ ਦੇ ਅਰਥ ਤੋਂ ਟੁੱਟ ਕੇ ਜੀਣਾ
ਜੀਣ ਦੀ ਰਸਮ ਨਿਭਾਉਣਾ ਹੈ
ਉਹ ਬੜੀਆਂ ਨਿਪੁੰਨ ਨੇ
ਇਹ ਰਸਮ ਨਿਭਾਉਣ ਵਿਚ
ਅੰਦਰਲੇ ਜ਼ਖ਼ਮ ਲਕਾਉਣ ਵਿਚ

## ਪੜਾਅ ਦਾ ਸਫ਼ਰ

ਜਨਮਾਂ ਜਨਮਾਂ ਦੀ ਯਾਤਰਾ ਦਾ
ਇਹ ਕਿਹੜਾ ਪੜਾਅ ਹੈ
ਜੋ ਮੁਕਤੀ ਵੀ ਲੋਚਦਾ ਹੈ
ਅਤੇ ਭਟਕਣ ਵੀ
ਆਵਾਗੌਣ ਤੋਂ ਛੁਟਕਾਰਾ ਵੀ
ਤੇ ਜੀਵਨ ਦੀਆਂ ਪ੍ਰਾਪਤੀਆਂ ਵੀ
ਕਾਰਾਵਾਸ ਹੰਢਾਉਂਦੀ ਇਹ ਜੂਨ
ਰਿਹਾਈ ਲਈ ਛਟਪਟਾਉਂਦੀ ਹੈ
ਤੇ ਬੀਜ ਬਣ ਕੇ ਧਰਤੀ ਦੀ ਕੁੱਖ ਵਿਚ
ਗਹਿਰੀ ਉਤਰਦੀ ਜਾਂਦੀ ਹੈ

ਜਨਮਾਂ ਜਨਮਾਂ ਦੀ ਯਾਤਰਾ ਦਾ
ਇਹ ਕਿਹੜਾ ਪੜਾਅ ਹੈ
ਜੋ ਤਰਸ ਦਾ ਪਰਛਾਵਾਂ ਹੰਢਾਉਂਦਾ
ਆਪਣਾ ਮਕਬਰਾ ਤਾਮੀਰ ਕਰਦਾ
ਰੱਥ ਦਾ ਪਹੀਆ ਮੁੱਠੀ 'ਚ ਘੁੱਟੀ
ਨਿਰੰਤਰ ਦੌੜ ਰਿਹਾ ਹੈ

## ਅੱਖਾਂ ਸਾਹਮਣੇ

ਮੈਂ ਕੀ ਹਾਂ ?
ਜ਼ਾਹਿਰ ਹੈ ਮੈਂ ਮਨੁੱਖ ਹਾਂ
ਮੇਰੀਆਂ ਅੱਖਾਂ ਸਾਹਮਣ
ਵਿਸ਼ਾਲਤਾ ਦਾ ਅਥਾਹ ਸਾਗਰ ਹੈ

ਯਥਾਰਥ ਦੀਆਂ ਛੱਲਾਂ
ਮੇਰੇ ਜ਼ਿਹਨ ਦੇ ਕਿਨਾਰਿਆਂ ਨਾਲ ਟਕਰਾਉਂਦੀਆਂ ਹਨ
ਇਕ ਮਹਾਂਭਾਰਤ ਹੈ ਜੋ ਨਿਰੰਤਰ ਲੜਿਆ ਜਾ ਰਿਹਾ ਹੈ

ਵਾਯੂਮੰਡਲ 'ਚ ਫੈਲਿਆ ਪ੍ਰਦੂਸ਼ਨ
ਬਾਰੂਦੀ ਧੂੰਆਂ, ਮੁਤੱਸਬ
ਸੁਵਾਰਥ, ਅੰਨ੍ਹੀ ਦੌੜ
ਅੱਖਾਂ ਸਾਹਮਣੇ ਫਿਲਮ ਵਾਂਗ ਘੁੰਮ ਜਾਂਦਾ ਹੈ ਇਤਿਹਾਸ

ਮਾਰੂ ਜੰਗਾਂ, ਲਹੂ ਦੀਆਂ ਨਦੀਆਂ
ਚੀਕਾਂ, ਹਾਦਸੇ
ਅੰਨ੍ਹੀ ਸਿਆਸਤ

ਇਕ ਦੂਜੇ 'ਤੇ ਘਾਤ ਲਾਈ ਬੈਠੇ ਇਨਸਾਨੀ ਦਰਿੰਦੇ
ਰੇਜ਼ਾ ਰੇਜ਼ਾ ਹਰ ਪਲ ਖੁਰਦੀ ਮਨੁੱਖਤਾ
ਕੀ ਇਹੀ ਹੈ ਵਾਤਾਵਰਨ ਦਾ ਯਥਾਰਥ
ਕੀ ਇਹੀ ਹੈ ਮੇਰਾ ਯਥਾਰਥ

## ਮਾਂ : ਕੁਝ ਪ੍ਰਭਾਵ

ਪੌਣੀ ਸਦੀ ਪਿੰਡੇ 'ਤੇ ਲਪੇਟੀ
ਸੂਈ ਵਿਚ ਧਾਗਾ ਪਾਉਂਦੀ
ਨੱਕੇ ਦਾ ਰਾਹ ਭੁੱਲ ਜਾਂਦੀ
ਰੋਟੀ ਦੀ ਥਾਂ ਹੱਥ ਸੇਕ ਲੈਂਦੀ
ਅੱਖ 'ਚ ਰੜਕਣ ਦਾ ਬਹਾਨਾ ਕਰ
ਥੱਕੇ ਜੀਵਨ-ਪਾਂਧੀ ਤੋਂ ਅੱਥਰੂ ਲੁਕਾ ਲੈਂਦੀ
ਦਹਿਲੀਜ਼ਾਂ 'ਚ ਖੜੋ ਡਾਕੀਏ ਨੂੰ ਉਡੀਕਦੀ

-o-

ਬਾਬਾ ਤੂੰ ਕਿਹਾ
ਜੀਵਦਿਆਂ ਮਰ ਰਹੀਏ
ਐਸਾ ਜੋਗ ਕਮਾਈਏ
ਉਹ ਵੀ ਜਿਉਂਦਿਆਂ ਮਰ ਗਈ ਹੈ
ਕੀ ਉਸ ਵੀ ਜੋਗ ਕਮਾਇਆ ?
ਅਮਰਪਦ ਪਾਇਆ ?

ਕੱਚੀਆਂ ਕੰਧਾਂ 'ਤੇ ਉਕਰੀਆਂ
ਉੱਡਣ, ਉੱਡਣ ਕਰਦੀਆਂ
ਰੰਗ-ਬਰੰਗੀਆਂ ਚਿੜੀਆਂ
ਹਰੇ ਕਚੂਰ ਤੋਤੇ
ਗੁਟਕਦੇ ਚੀਨੇ ਕਬੂਤਰ
ਹੱਥ ਫੜ੍ਹੀ ਖਲੋਤੇ ਗੁੱਡੀਆਂ ਗੁੱਡੇ

-o-

ਮਾਂ ਜਦੋਂ
ਆਪਣੀ ਮਾਂ ਦੇ ਘਰੋਂ ਆਈ ਸੀ
ਕਈ ਸੱਧਰਾਂ ਨਾਲ ਬੰਨ੍ਹ ਲਿਆਈ ਸੀ
ਕੰਧਾਂ 'ਚ ਸਿਮਟੀ ਉਹ ਸਾਰੀ ਉਮਰ
ਕੰਧਾਂ 'ਤੇ ਉਡਦੇ ਪੰਛੀ ਉਲੀਕਦੀ ਰਹੀ
ਉਹਦੇ ਪੰਛੀ ਉਹਦੇ ਵਰਗੇ ਸਨ
ਪਰ ਹੁੰਦਿਆਂ ਬੇ-ਪਰੇ
ਪਤਾ ਨਹੀਂ ਕੰਧਾਂ ਤੇ ਉਲੀਕੇ ਪੰਛੀ ਮਾਂ ਜਿਹੇ ਸਨ
ਜਾਂ ਮਾਂ ਉਹਨਾਂ ਪੰਛੀਆਂ ਵਰਗੀ ਸੀ

-o-

ਮੇਰੀ ਮਾਂ ਦੇ ਹੋਠਾਂ 'ਤੇ ਇਕ ਗੀਤ ਸੀ
ਮੇਰੀ ਧੀ ਦੇ ਹੋਠਾਂ 'ਤੇ ਇਕ ਗੀਤ ਹੈ
ਮੈਂ ਚੁੱਪ ਹਾਂ
ਮੈਂ ਚੁੱਪ ਕਿਉਂ ਹਾਂ ?

## ਖੁਸ਼ੀ

ਖੁਸ਼ੀ ਕਿਸੇ ਵਸਦੇ ਰਸਦੇ ਨਗਰ
ਸ਼ਹਿਰ ਦੇਸ ਜਾਂ ਨਗਰ ਦਾ ਨਾਂ ਨਹੀਂ
ਜਿਸ ਨੂੰ ਲੱਭਿਆ ਜਾਵੇ ਦੀਵਾਰ 'ਤੇ ਟੰਗੇ ਨਕਸ਼ੇ ਤੋਂ
ਇਹ ਤਾਂ ਲੁਕਣਮੀਟੀ ਖੇਡਦਾ ਸ਼ਰਾਰਤੀ ਬਾਲ ਹੈ
ਜਿਹੜਾ ਪੋਲੇ ਪੈਰੀਂ ਆਉਂਦਾ 'ਝ' ਆਖ ਝਟ ਲੁਕ ਜਾਂਦਾ

ਕਈ ਵੇਰ ਜ਼ਿੱਦੀ ਬੱਚੇ ਵਾਂਗ
ਲੱਖ ਤਰਲੇ ਕਰਨ 'ਤੇ ਵੀ ਕੋਲ ਨਹੀਂ ਆਉਂਦਾ
ਕਈ ਤਰ੍ਹਾਂ ਦੇ ਲਾਲਚ ਦੇ ਕੇ ਅਸੀਂ ਇਹਨੂੰ ਭਰਮਾਉਂਦੇ ਹਾਂ
ਇਹ ਆਉਂਦਾ ਝਪੱਟਾ ਮਾਰ ਕੇ ਹੱਥੋਂ ਚੀਜ਼ ਖੋਹ ਲਿਜਾਂਦਾ
ਕਦੇ ਮੂੰਹ ਫੇਰ ਕੇ ਕੋਲੋਂ ਦੀ ਲੰਘ ਜਾਂਦਾ
ਖੁਸ਼ੀ ਜੋ ਕਿ ਇਕ ਨਿੱਕਾ ਜਿਹਾ ਸ਼ਰਾਰਤੀ ਬਾਲ ਹੈ

ਇਹ ਕਿਸੇ ਦੇ ਵਿਹੜੇ 'ਚ ਟਿਕ ਕੇ ਨਹੀਂ ਬੈਠਦਾ
ਇਸ ਸ਼ਰਾਰਤੀ ਦੀਆਂ ਲੱਤਾਂ ਦੇ ਪਲੱਸਤਰ ਨਹੀਂ ਬੱਝਦਾ
ਨਟਰਾਜ ਦੀ ਮੂਰਤੀ ਨੂੰ ਸਦੀਵੀ
ਇਕ ਲੱਤ ਦੇ ਭਾਰ ਖੜ੍ਹਾ ਦੇਖ ਕੇ
ਕਿਲਕਾਰੀ ਮਾਰ ਕੇ ਹੱਸਦਾ ਤੇ ਦੌੜ ਜਾਂਦਾ
ਖੁਸ਼ੀ ਜੋ ਕਿ ਇਕ ਨਿੱਕਾ ਜਿਹਾ ਸ਼ਰਾਰਤੀ ਬਾਲ ਹੈ

ਮੈਨੂੰ ਲਗਦਾ ਹੈ—
ਬੰਦ ਮੁੱਠੀ ਦੀ ਕਬਰ ਵਿਚ
ਇਹਦੀ ਕਿਲਕਾਰੀ ਦਾ ਸਾਹ ਘੁਟਿਆ ਜਾਵੇਗਾ
ਮੈਨੂੰ ਬਸ ਇਹਦੇ ਨਿੱਕੇ ਨਿੱਕੇ ਪੈਰਾਂ ਦੀ
ਚਾਂਦੀ ਦੇ ਛਣਕਦੇ ਘੁੰਗਰੂਆਂ ਦੀ ਆਹਟ ਵਰਗੇ ਹਾਸੇ ਦੀ
ਉਡੀਕ ਰਹਿੰਦੀ ਹੈ ਬਾਲ ਲੀਲਾ ਦਾ ਕੀ ਪਤਾ
ਉਹ ਕਦੋਂ ਆਵੇ ਤੇ 'ਝਾ' ਆਖ ਕੇ ਚਲਾ ਜਾਵੇ
ਉਹਦੀ ਇਹ 'ਝਾ' ਉਮਰਾਂ ਦੀ ਅਹਿਸਾਸ ਵੀ ਹੋ ਸਕਦੀ ਹੈ
ਤੇ ਪਿਆਸੇ ਮਾਰੂਥਲ 'ਚ ਡਿੱਗੀ ਮੀਂਹ ਦੀ ਇਕ ਕਣੀ ਵੀ

**ਕਲਸ਼ ਸ਼ਿਵਾ**

ਮੈਂ ਰੂਹ ਹਾਂ...ਪ੍ਰਕਾਸ਼ ਹਾਂ
ਧਰਤੀ ਹਾਂ...ਆਕਾਸ਼ ਹਾਂ
ਬਿੰਦੂ ਹਾਂ...ਬ੍ਰਹਿਮੰਡ ਹਾਂ
ਬੂੰਦ ਹਾਂ...ਸਾਗਰ ਹਾਂ
ਕੱਚ ਹਾਂ...ਕੰਚਨ ਹਾਂ
ਮੈਂ ਸੁਵਸਤਰ ਵਿਚ ਨਿਰਵਸਤਰ ਹਾਂ
ਨਿਰਵਸਤਰ ਵਿਚ ਸੁਵਸਤਰ ਹਾਂ

ਮੈਂ...
ਮੈਂ ਔਰਤ ਹਾਂ
ਮਰਦ ਵਿਚ ਪੂਰੀ ਔਰਤ
ਔਰਤ ਵਿਚ ਪੂਰਾ ਮਰਦ ਹਾਂ
ਅਧੂਰਾ ਕੁਝ ਵੀ ਨਹੀਂ

ਮੈਂ ਕਲਸ਼ ਸ਼ਿਵਾ ਹਾਂ
ਸ਼ਿਵ ਲਿੰਗ 'ਤੇ ਬੂੰਦ ਬੂੰਦ ਨਿਰੰਤਰ ਟਪਕਦਾ
ਸ਼ਿਵ ਸ਼ਕਤੀ ਦਾ ਕਤਰਾ ਹਾਂ
ਜਿਸ ਬਿਨਾਂ ਸ਼ਿਵ ਵੀ ਅਧੂਰਾ ਹੈ
ਸ਼ਿਵ ਸ਼ਕਤੀ ਵੀ

* *